# ਗੁਰੁ ਮੇਰੈ ਸੰਗਿ ਸਦਾ ਹੈ ਨਾਲੇ

GURU AMAR DASS MISSION U.K.
65 RADFORD ROAD
LEAMINGTON SPA

CHARITY REGISTRATION
No. 51 [illegible] 1092

ਭਾ: ਸਾ: ਰਣਧੀਰ ਸਿੰਘ

# ਗੁਰਮਤਿ ਟ੍ਰੈਕਟ ਤੇ ਪੁਸਤਕਾਂ

| | |
|---|---|
| ਗੁਰਬਾਣੀ ਦੀ ਪਾਰਸ-ਕਲਾ | ੦-੪੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਸਬਦੁ ਗੁਰ ਪੀਰਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੨੫ |
| ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ | ੦-੪੦ |
| ਸੰਖੇਪ ਜੀਵਨ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਜੀਵਨ ਝਲਕਾਂ " " " | ੦-੫੦ |
| (ਵੈਸਾਖੀ ਦਾ) ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ (ਸਚਿਤਰ) | ੧-੫੦ |
| ਸਿਖ ਧਰਮ ਤੇ ਮਾਸ ਸ਼ਰਾਬ | ੩-੦੦ |

ਮਿਲਣ ਦਾ ਪਤਾ—

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

੧ ਓ ਵਾਹਿਗੁਰੂ ਜੀ ਕੀ ਫ਼ਤਿਹ ॥

# ਗੁਰੁ ਮੇਰੈ ਸੰਗਿ ਸਦਾ ਹੈ ਨਾਲੇ

੦

ਇਕ ਕਰਾਮਾਤੀ ਸਾਧੂ ਦਾ ਮਿਲਾਪ

ਅਤੇ

ਨਾਗਪੁਰ ਜੇਲ੍ਹ ਵਿਚ ਵਲੈਤੋਂ ਆਏ ਵੱਡੇ ਪਾਦਰੀ ਨਾਲ ਮੁਲਾਕਾਤ


ਲੇਖਕ

**ਭਾਈ ਸਾਹਿਬ ਰਣਧੀਰ ਸਿੰਘ ਜੀ**



ਮਿਲਣ ਦਾ ਪਤਾ

**'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ**

ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ

ਕਾਪੀ ਰਾਈਟ
ਸ: ਬਲਬੀਰ ਸਿੰਘ
੧੨੬-ਆਰ, ਮਾਡਲ ਟਾਊਨ, ਲੁਧਿਆਣਾ

ਪਹਿਲੀ ਵਾਰ ਸਤੰਬਰ ੧੯੭੭
ਦੂਜੀ ਵਾਰ ਦਸੰਬਰ ੧੯੭੮
੩੩੦੦ ਕਾਪੀ
ਭੇਟਾ ਕੇਵਲ ੨੫ ਪੈਸੇ

ਪ੍ਰਕਾਸ਼ਕ
'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਛਾਪਕ
ਲਾਕਟ ਪ੍ਰਿੰਟਰਜ਼, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

# ਮੁਢਲੇ ਸ਼ਬਦ

[ਵਲੋਂ :—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ...॥

[ਭੈਰਉ ਮ: ੩, ਪੰਨਾ ੧੦੫੪

—੧—

ਇਸ ਦੁਪੰਗਤੀ ਵਿਚ ਇਕ ਬੀਤੀ ਹੋਈ ਘਟਨਾ ਦਾ ਇਤਿਹਾਸ ਵੀ ਹੈ ਅਤੇ ਨਾਲ ਹੀ ਇਕ ਅਟੱਲ ਸਚਾਈ ਵੀ । ਇਤਿਹਾਸ ਹੈ ਸ੍ਰੀ ਪ੍ਰਹਿਲਾਦ ਜੀ ਦੇ ਕਸ਼ਟਾਂ ਵਿਚ ਅਡੋਲ ਅਤੇ ਨਿਰਭਉ ਅਵਸਥਾ ਵਿਚ ਰਹਿਣ ਦਾ ਅਤੇ ਅਟੱਲ ਸਚਾਈ ਹੈ ਵਾਹਿਗੁਰੂ ਦੇ ਆਪਣੇ ਭਗਤਾਂ ਦੇ ਨਿਕਟ-ਵਰਤੀ ਹੋਣ ਦੀ। ਇਸ ਅਟੱਲ ਸਚਾਈ ਦੇ ਸਦਕੇ ਅਜਿਹਾ ਇਤਿਹਾਸ ਮੁੜ ਮੁੜ ਬਣਦਾ ਰਹਿੰਦਾ ਅਤੇ ਸਮੇਂ ਸਮੇਂ ਵਖ ਵਖ ਘਟ-ਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ । ਇੰਜ ਸਾਧਾਰਨ ਮਨੁਖਾਂ ਦਾ ਇਸ ਅਟੱਲ ਸਚਾਈ ਤੇ ਵਿਸ਼ਵਾਸ ਪੱਕਾ ਹੁੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਰਹਿੰਦੀ ਹੈ। ਜੇ ਇਤਿ-ਹਾਸ ਤਾਜ਼ੀਆਂ ਘਟਨਾਵਾਂ ਦੁਆਰਾ ਮੁੜ ਮੁੜ ਰੂਪਮਾਨ ਨ ਹੋਵੇ ਤਾਂ ਇਸ ਦੇ ਪਿਛੇ ਲੁਕਿਆ ਹੋਇਆ ਰਹੱਸ ਬੇਹਿਆ ਜਿਹਾ ਹੋ ਜਾਂਦਾ ਹੈ।

ਇਸ ਹੱਥਲੇ ਟ੍ਰੈਕਟ ਵਿਚ ਦੋ ਤਾਜ਼ੀਆਂ ਘਟਨਾਵਾਂ ਦਾ ਵਰਨਣ ਹੈ, ਜੋ ਉਪ੍ਰੋਕਤ ਇਤਿਹਾਸ ਦੇ ਰਹੱਸ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਤੋਂ ਜਗਿਆਸੂ ਨੂੰ ਨਿਸਚਾ ਬਝਦਾ ਹੈ ਕਿ ਜਦੋਂ ਮਨੁਖ ਗੁਰੂ-ਪਰਾਇਣ ਹੋ ਜਾਵੇ, ਗੁਰੂ ਸਦਾ ਉਸ ਦਾ ਨਿਕਟ-ਵਰਤੀ ਹੋਇਆ ਰਹਿੰਦਾ ਹੈ। ਗੁਰੂ ਕਈ ਵਾਰੀ ਉਸ ਦੀ ਅਨਜਾਣੇ ਅਤੇ ਅਨ-ਪਛਾਣੇ ਗੁਪਤ ਰੂਪ ਵਿਚ ਰਖਿਆ ਕਰਦਾ ਹੈ, ਤੇ ਕਈ ਵਾਰੀ ਉਸ ਦੇ ਹਿਰਦੇ ਵਿਚ ਪਰਗਟ

ਹੋ ਕੇ ਅਤੇ ਆਪਣਾ ਵਸਲ ਬਖਸ਼ ਕੇ, ਨਾਮ-ਪ੍ਰਗਾਸ ਦੀ ਵਿਸਮਾਦੀ ਅਵਸਥਾ ਦੇ ਚਲੂਲੇ ਰੰਗਾਂ ਵਿਚ ਰੰਗ ਕੇ ਗੁਰੂ ਪਾਤਸ਼ਾਹ ਆਪਣੇ ਗੁਰਸਿਖਾਂ ਪਾਸੋਂ ਬਿਖੜੇ ਹਾਲਾਤ ਵਿਚ ਅਜਿਹੀ ਕਰੜੀ ਤੇ ਬਿਖਮ ਘਾਲ ਕਰਵਾਉਂਦਾ ਹੈ ਕਿ ਜਗਤ ਇਕ ਪਾਸੇ ਤਾਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਵੇਖ ਕੇ ਦੰਗ ਰਹਿ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਭਾਵਤ ਅਤੇ ਪ੍ਰੇਰਤ ਵੀ ਹੁੰਦਾ ਹੈ।

ਸਤਿਗੁਰੂ ਨੇ ਆਪਣੇ ਸਿਖ ਦੇ ਅੰਤਰ-ਆਤਮੇ ਵਰਤ ਕੇ ਉਸ ਨੂੰ ਸੁਲਫਈ ਸਾਧੂ ਦੇ ਕਰਾਮਾਤੀ-ਜਾਲ ਵਿਚ ਫਸਣੋਂ ਬਚਾ ਲਿਆ। ਇਹ ਬਚਾ ਗੁਰੂ-ਪਾਤਸ਼ਾਹ ਦੀ ਗੁਪਤੀ ਕਲਾ ਦੁਆਰਾ ਹੋਇਆ। ਇਸ ਗੁਪਤੀ ਕਲਾ ਬਾਰੇ ਦ੍ਰਿੜ੍ਹਤਾ ਭਾਈ ਸਾਹਿਬ ਜੀ ਨੂੰ ਇਸ ਘਟਨਾ ਦੇ ਵਰਤਣ ਤੋਂ ਅਗਲੇ ਦਿਨ ਇਕ ਉਜਲ-ਦੀਦਾਰੀ ਸਿੰਘ ਦੁਆਰਾ ਹੋਈ। ਪਰ ਜਦੋਂ ਭਾਈ ਸਾਹਿਬ ਦੀ ਸੁਰਤੀ ਦਾ ਕਾਂਟਾ ਸਿੱਧਾ ਗੁਰੂ ਪਾਤਸ਼ਾਹ ਨਾਲ ਜੁੜ ਗਿਆ ਤਾਂ ਸਤਿਗੁਰੂ ਅੰਦਰੋਂ ਹੀ ਪਰਤੱਖ ਹੋ ਗਏ। ਮਗਰੋਂ ਭਾਵੇਂ ਕਸ਼ਟ ਦੇ ਕਈ ਗੇੜ ਚਲੇ, ਪਰ ਭਾਈ ਸਾਹਿਬ ਜੀ ਨਾਮ-ਰੰਗਾਂ ਵਿਚ ਸਦਾ ਅਡੋਲ ਰਹੇ :—

ਸਤਿਗੁਰੂ ਸੰਗਿ ਨਾਹੀ ਮਨੁ ਡੋਲੈ ॥
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥

[ਗਉੜੀ ਗੁਆਰੇਰੀ ਮ: ੫, ਪੰਨਾ ੧੮੩

—੨—

ਗੁਰੂ ਆਪਣੇ ਸਿਖ ਦੇ ਸਦਾ ਅੰਗ ਸੰਗ ਵਸਦਾ ਹੈ। ਜਿਹੜਾ ਸਿਖ ਇਕ ਵਾਰੀ ਗੁਰੂ ਦਾ ਹੋ ਗਿਆ, ਗੁਰੂ ਸਦਾ ਉਸਦੀ ਨਿਗਾਹਬਾਨੀ ਕਰਦਾ ਹੈ, ਸਦਾ ਉਸ ਦੀਆਂ ਮੁਸ਼ਕਲਾਂ ਵਿਚ ਸਾਥ ਨਿਭਾਉਂਦਾ ਹੈ। ਇਹ ਗੁਰੂ ਦਾ ਬਿਰਦ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥

[ਗਉੜੀ ਸੁਖਮਨੀ ਮ: ੫, ਪੰਨਾ ੨੮੬

## —੩—

ਗੁਰੂ ਦਾ ਸਿਖ ਗਲੀਂ ਬਾਤੀਂ ਨਹੀਂ ਬਣਿਆ ਜਾਂਦਾ, ਇਸ ਲਈ ਇਕ ਸ਼ਰਤ ਹੈ। ਉਹ ਇਹ ਕਿ ਸਿਖ ਆਪਣਾ ਆਪਾ ਗੁਰੂ ਦੇ ਅਰਪਣ ਕਰੇ ਅਤੇ ਗੁਰੂ ਦੀ ਆਗਿਆ ਮਨ ਬਚਨ ਕਰਮ ਕਰਕੇ ਸਤਿ ਮੰਨੇ।

ਮਨੁਖ ਦੀ ਜੀਵਨ-ਗੱਡੀ ਦਾ ਘੋੜਾ ਮਨ ਹੈ। ਜੇ ਮਨ ਦੀਆਂ ਵਾਗਾਂ 'ਗੁਰੂ' ਨੂੰ ਫੜਾ ਦਿਤੀਆਂ ਜਾਣ ਤਾਂ ਜੀਵਨ-ਗੱਡੀ ਸਦਾ ਸੁਰੱਖਿਅਤ ਤੇ ਸਲਾਮਤ ਰਹਿੰਦੀ ਹੈ। ਗੁਰੂ, ਜੀਵ ਦੇ ਮਨ-ਘੋੜੇ ਨੂੰ ਗੁਰ-ਸ਼ਬਦ ਗੁਰਮੰਤਰ ਦਾ ਕੜੀਆਲਾ ਪਾ ਦਿੰਦਾ ਹੈ—

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥
ਮਨੁ ਮੈਗਲੁ ਗੁਰਿ ਸਬਦਿ ਵਸਿ ਆਇਆ ਰਾਮ...॥੩॥

[ਵਡਹੰਸ ਮ: ੪, ਪੰਨਾ ੫੭੬

## —੪—

'ਗੁਰੂ' ਅਕਾਲ ਪੁਰਖ ਦਾ ਪਰਤੱਖ ਸਰੂਪ ਹੈ। ਗੁਰੂ ਤੇ ਅਕਾਲ ਪੁਰਖ ਅੰਤਰ-ਆਤਮੇ ਅਭੇਦ ਹਨ। ਏਸੇ ਤਰ੍ਹਾਂ ਗੁਰ-ਸ਼ਬਦ ਗੁਰੂ ਦਾ ਪਰਤੱਖ ਸਰੂਪ ਹੈ ਅਤੇ 'ਗੁਰੂ' ਗੁਰਸ਼ਬਦ ਦੇ ਵਿਚ ਹਲੂਲ ਹੋਇਆ ਵਿਆ ਹੈ। ਜਿਸ ਸਿਖ ਦੀ ਰਸਨਾ ਤੇ ਸਦਾ ਗੁਰ-ਸ਼ਬਦ ਦਾ ਨਿਵਾਸ ਹੈ, ਹਿਰਦੇ ਵਿਚ ਗੁਰ-ਸ਼ਬਦ ਦਾ ਖੰਡਾ ਖੜਕਦਾ ਹੈ, ਉਸ ਦੇ ਅੰਦਰ ਅੰਮ੍ਰਿਤ ਦਾ ਨਿਝਰ-ਝਰਨਾ ਨਿਰੰਤਰ ਝਰਦਾ ਰਹਿੰਦਾ ਹੈ ਤੇ ਉਹ ਸਦਾ ਤ੍ਰਿਪਤਾਇ ਅਘਾਇ ਰਹਿੰਦਾ ਹੈ। ਸ਼ਬਦ-ਜੋਤਿ ਉਸ ਦੇ ਅੰਦਰ ਪ੍ਰਕਾਸ਼ਮਾਨ ਹੋ ਜਾਂਦੀ ਹੈ ਤੇ ਗੁਰੂ ਵਾਹਿਗੁਰੂ ਉਸਨੂੰ ਸਦਾ ਅੰਗ ਸੰਗ ਵਸਦਾ ਪ੍ਰਤੀਤ ਹੁੰਦਾ ਹੈ। ਚੋਜੀ ਸਤਿਗੁਰੂ ਅਨਿੰਨ ਗੁਰਸਿਖਾਂ ਨਾਲ ਸਦਾ ਸਹਜ-ਕੇਲ ਕਰਦਾ ਹੋਇਆ ਉਨ੍ਹਾਂ ਨੂੰ ਖੇੜਾ ਤੇ ਵਿਗਾਸ ਬਖ਼ਸ਼ਦਾ ਰਹਿੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥੬॥

[ਮਾਰੂ ਸੋਲਹੇ ਮ: ੪, ਪੰਨਾ ੧੦੬੯

ਮਨ-ਪਰਚਾਵਾ ਉਦਾਸੀ ਤੋਂ ਬਚਣ ਦਾ ਵਡਾ ਸਾਧਨ ਹੈ। ਮਨ-ਪਰਚਾਵੇ ਦੇ ਬੇਅੰਤ ਦੁਨਿਆਵੀ ਸਾਧਨ ਹਨ। ਪੰਜ ਗਿਆਨ ਅਤੇ ਪੰਜ ਕ਼ਰਮ ਇੰਦਰਿਆਂ ਦੇ ਆਪੋ ਆਪਣੇ ਮਨ-ਪਰਚਾਵੇ ਹਨ। ਮਨੁਖ ਇਨ੍ਹਾਂ ਪਰਚਾਵਿਆਂ ਰਾਹੀਂ ਮਨ ਨੂੰ ਸੰਤੁਸ਼ਟ ਕਰਨ ਦਾ ਯਤਨ ਸਦਾ ਕਰਦਾ ਰਹਿੰਦਾ ਹੈ। ਸਦੀਆਂ ਲੰਘ ਗਈਆਂ ਹਨ ਅਜਿਹਾ ਕਰਦਿਆਂ, ਪਰ ਮਨ ਇਨ੍ਹਾਂ ਰਸਾਂ ਕਸਾਂ, ਵਿਸ਼ੇ ਭੋਗਾਂ ਵਿਚ ਪਰਚ ਨਹੀਂ ਸਕਿਆ। ਇਹ ਛਿਨ-ਭੰਗਰ ਰਸ, ਭੋਗ ਭੋਗ ਕੇ ਮਨ ਅਤ੍ਰਿਪਤ ਹੀ ਰਿਹਾ ਹੈ ਅਤੇ ਇਸ ਦੀ ਤ੍ਰਿਸ਼ਨਾ ਬੁਝੀ ਨਹੀਂ, ਸਗੋਂ ਹੋਰ ਮਚੀ ਹੈ। ਮਨ ਬੜਾ ਤਕੜਾ ਰਸੀਆ ਹੈ, ਪਰ ਸਦੈਵੀ ਰਸ ਨਾ ਮਿਲਣ ਕਾਰਨ ਹੋਛੇ ਰਸਾਂ ਵਿਚ ਪ੍ਰਵਿਰਤ ਹੋ ਕੇ ਆਪਣਾ ਬਲ ਖੀਣ ਕਰੀ ਜਾਂਦਾ ਹੈ।

ਜਿਸ ਕਿਸੇ ਵਡਭਾਗੇ ਮਨੁੱਖ ਨੂੰ ਪੂਰਬ ਕਰਮ ਅੰਕੂਰ ਸਫੁਟ ਹੋਣ ਉਤੇ ਗੁਰੂ-ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਉਸ ਨੂੰ ਗੁਰੂ ਤੋਂ ਨਾਮ-ਗੁਰਮੰਤਰ ਦੀ ਦਾਤਿ ਪ੍ਰਾਪਤ ਹੁੰਦੀ ਹੈ, ਉਸ ਦਾ ਨਾਮ ਨਾਲ ਪਰਚਾ ਪੈਂਦਾ ਹੈ। ਨਾਮ-ਰਸ ਵਿਚ ਪਰਚਿਆ ਮਨ ਇਸ ਰਸ ਨੂੰ ਛਡ ਨਹੀਂ ਸਕਦਾ। ਬਸ ਫਿਰ ਕੀ, ਚਤੋ ਪਹਿਰ ਨਾਮ ਦਾ ਪਰਚਾ ਬਣਿਆ ਰਹਿੰਦਾ ਹੈ। ਇਹ ਹੈ ਅਦਰਸ਼ਕ ਪਰਚਾ। ਮਨ ਅਜਿਹਾ ਸ਼ਬਦ ਵਿਚ ਪਰਚਦਾ ਹੈ ਕਿ ਰਸ ਪ੍ਰਾਇਣ ਹੋਇਆ ਇਸ ਵਿਚ ਹੀ ਨਿਮਗਨ ਰਹਿੰਦਾ ਹੈ। ਜਿਉਂ ਜਿਉਂ ਸ਼ਬਦ-ਅਭਿਆਸ ਕਰਦਾ ਹੈ, ਅੰਮ੍ਰਿਤ ਦਾ ਫੁਹਾਰਾ ਹੋਰ ਪ੍ਰਬਲ ਹੋ ਜਾਂਦਾ ਹੈ—

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ...॥੩॥

[ਸਿਰੀ ਰਾਗੁ ਮ: ੧, ਪੰਨਾ ੨੦

ਅਭਿਆਸੀ ਅੰਮ੍ਰਿਤ ਪੀ ਪੀ ਖੀਵਾ ਹੋਇਆ ਰਹਿੰਦਾ ਹੈ। ਕੁਝ ਹੋਰ ਖਾਣ ਪੀਣ ਪੈਨਣ ਦੀ ਇਛਾ ਹੀ ਨਹੀਂ ਰਹਿੰਦੀ, ਕਿਸੇ ਨਾਲ ਕੂਣ-ਬੋਲਣ ਨੂੰ ਜੀਅ ਨਹੀਂ ਲੋਚਦਾ। ਉਸ ਦੀ ਬਸ ਇਕੋ ਲਾਲਸਾ ਹੁੰਦੀ

ਹੈ ਕਿ ਇਕਾਂਤ ਬਣੀ ਰਹੇ, ਅਤੇ ਇਕਾਂਤ ਵਿਚ ਰੀਸਾਲੂ ਗੁਰ-ਸ਼ਬਦ ਨਾਲ ਮਨ ਦਾ ਕਾਂਟਾ ਸਦਾ ਜੁੜਿਆ ਰਵ੍ਹੇ।

ਜਿਹੜੀ ਇਕੱਲ ਸੰਸਾਰੀ ਮਨੁੱਖਾਂ ਨੂੰ ਖਾਣ ਨੂੰ ਆਉਂਦੀ ਹੈ, ਭਗਤ ਲੋਕ ਇਸ ਨੂੰ "ਇਕਾਂਤ" ਦੇ ਪਿਆਰੇ ਨਾਮ ਨਾਲ ਯਾਦ ਕਰਦੇ ਹਨ ਅਤੇ ਇਸ ਦੇ ਸਿਰ ਸਦਕੇ ਮਨ-ਬਿਰਤੀ ਨੂੰ ਬਾਹਰ-ਮੁਖੀ ਵਾਸ਼ਨਾਵਾਂ ਤੋਂ ਸੰਕੋਚ ਕੈ ਨਾਮ ਨਾਲ ਜੋੜ, ਪ੍ਰਭੂ-ਵਸਲ ਦਾ ਅਨੰਦ ਲੈਂਦੇ ਰਹਿੰਦੇ ਹਨ। ਉਨ੍ਹਾਂ ਨੂੰ ਦੁਖ ਪੋਹ ਨਹੀਂ ਸਕਦੇ। ਦੇਖਣ ਨੂੰ ਭਾਵੇਂ ਉਨ੍ਹਾਂ ਦੇ ਸਰੀਰ ਉਤੇ ਕਈ ਕਸ਼ਟ ਆਉਂਦੇ ਦਿਸਦੇ ਹਨ, ਪਰ ਉਹ ਦੁਖ ਨੂੰ ਪ੍ਰਭੂ ਦੀ ਦਾਤਿ ਅਤੇ ਦਾਰੂ ਜਾਣਦੇ ਹਨ। ਉਨ੍ਹਾਂ ਦੀ ਸੁਰਤੀ ਦੇਹ ਤੋਂ ਬਿਦੇਹ ਹੋ, ਨਾਮ ਵਿਚ ਹੀ ਤ੍ਰਿਬੁਡ ਰਹਿੰਦੀ ਹੈ। ਨਾਮ ਵਿਚ ਖੀਵੇ ਹੋ ਉਹ ਗਾਉਂਦੇ ਰਹਿੰਦੇ ਹਨ—

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

[ਆਸਾ ਰਵਿਦਾਸ ਜੀ, ਪੰਨਾ ੪੮੬

—੬—

ਗੁਰੂ ਵਾਹਿਗੁਰੂ ਦੀ ਹੋਂਦ ਉਤੇ ਵਿਸ਼ਵਾਸ ਅਤੇ ਉਸ ਦੇ ਹਾਜ਼ਰ-ਨਾਜ਼ਰ ਹੋਣ ਦੀ ਦ੍ਰਿੜ੍ਹਤਾ; ਇਹ ਭਗਤੀ-ਮਾਰਗ ਦੇ ਮਹਿਲ ਦੀ ਨੀਂਹ ਹੈ। ਗੁਰੂ ਕਰੇ, ਸਾਨੂੰ ਇਹ ਵਿਸ਼ਵਾਸ ਅਤੇ ਦ੍ਰਿੜ੍ਹਤਾ ਆਵੇ। ਇਹ ਟ੍ਰੈਕਟ ਇਸ ਪ੍ਰਾਪਤੀ ਲਈ ਇਕ ਨਿਮਾਣਾ ਜਿਹਾ ਯਤਨ ਹੈ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿਚੋਂ ਦ੍ਰਿੜ੍ਹਤਾ-ਉਪਜਾਊ ਘਟਨਾਵਾਂ ਨੂੰ ਟ੍ਰੈਕਟ ਰੂਪ ਵਿਚ ਪੇਸ਼ ਕਰਨ ਦੀ ਲੜੀ ਵਿਚ ਹੈ।

## ਸੂਹੀ ਮਹਲਾ ੫ [ਪੰਨਾ ੭੪੯]

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ, ਪਏ ਤੇਰੀ ਸਰਣਾਈ ॥
ਤੇਰਾ ਮਾਣੁ ਤਾਣੁ ਰਿਦ ਅੰਤਰਿ, ਹੋਰ ਦੂਜੀ ਆਸ ਚੁਕਾਈ ॥੧॥
ਮੇਰੇ ਰਾਮਰਾਇ ਤੁਧੁ ਚਿਤਿ ਆਇਐ ਉਬਰੇ ॥
ਤੇਰੀ ਟੇਕ ਭਰਵਾਸਾ ਤੁਮ੍ਹਰਾ, ਜਪਿ ਨਾਮੁ ਤੁਮ੍ਹਾਰਾ ਉਧਰੇ ॥੧॥ਰਹਾਉ॥
ਅੰਧ ਕੂਪ ਤੇ ਕਾਢਿ ਲੀਏ, ਤੁਮ੍ਹ ਆਪਿ ਭਏ ਕਿਰਪਾਲਾ ॥
ਸਾਰਿ ਸਮ੍ਹਾਲਿ ਸਰਬ ਸੁਖ ਦੀਏ, ਆਪਿ ਕਰੇ ਪ੍ਰਤਿਪਾਲਾ ॥੨॥
ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥
ਆਪਣੀ ਭਗਤਿ ਪ੍ਰਭਿ ਆਪਿ ਕਰਾਈ, ਆਪੇ ਸੇਵਾ ਲਾਏ ॥੩॥
ਭਰਮੁ ਗਇਆ ਭੈ ਮੋਹ ਬਿਨਾਸੇ, ਮਿਟਿਆ ਸਗਲ ਵਿਸੂਰਾ ॥
ਨਾਨਕ ਦਇਆ ਕਰੀ ਸੁਖਦਾਤੇ, ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥

# ਇਕ ਕਰਾਮਾਤੀ ਸਾਧੂ ਦਾ ਮਿਲਾਪ

ਭਾਈ ਸਾਹਿਬ ਰਣਧੀਰ ਸਿੰਘ ਜੀ ਕਾਲਜ ਵਿਚ ਬੀ. ਏ. ਪੜ੍ਹਦਿਆਂ ਬੈਰਾਗ ਦਸ਼ਾ ਵਿਚ ਵਿਚਰ ਰਹੇ ਸਨ, ਜੁ ਇਕ ਅਚਰਜ ਘਟਨਾ ਵਾਪਰੀ, ਪਰ ਸਤਿਗੁਰੂ ਨੇ ਹੱਥ ਦੇ ਕੇ ਰੱਖ ਲਿਆ। ਇਹ ਘਟਨਾ 'ਜੇਲ੍ਹ-ਚਿੱਠੀਆਂ' ਵਿਚ ਭਾਈ ਸਾਹਿਬ ਜੀ ਨੇ ਹੇਠ ਲਿਖੇ ਅਨੁਸਾਰ ਚਿਤਰੀ ਹੈ। —ਸੰਪਾਦਕ

ਇਕ ਦਿਨ ਮਿਸ਼ਨ ਕਾਲਜ ਤੋਂ ਰਾਹ ਵਿਚ ਆਉਂਦੇ ਨੂੰ, ਜਦ ਕਿ ਮੈਂ ਵੈਰਾਗ ਦੇ ਰੰਗ ਵਿਚ ਏਹੀ ਚਿਤਵਦਾ ਆਉਂਦਾ ਸੀ ਕਿ ਕਿਸੇ ਪ੍ਰਮਾਰਥ ਦੇ ਉਚ ਰੰਗਾਂ ਵਾਲੇ ਸਾਧੂ ਦੇ ਦਰਸ਼ਨ ਹੋਣ, ਮੈਂ ਅਚਾਨਕ ਕੀ ਦੇਖਦਾ ਹਾਂ ਕਿ ਸਾਹਮਣਿਓਂ ਕੰਬਲਾਂ ਦੇ ਲੰਮੇ ਚੋਲੇ ਵਿਚ ਵਲ੍ਹੇਟਿਆ ਹੋਇਆ ਇਕ ਮਸਤ ਫ਼ਕੀਰ ਆਪਣੇ ਰੰਗਾਂ ਵਿਚ ਝੂਲਦਾ ਚਲਿਆ ਆਉਂਦਾ ਹੈ। ਜਦ ਉਹ ਮੇਰੇ ਨੇੜੇ ਆਇਆ ਤਾਂ ਉਸ ਮੇਰੀ ਵਲ ਅਜਿਹੀ ਕਟਾਖਸ਼ ਦ੍ਰਿਸ਼ਟੀ ਨਾਲ ਦੇਖਿਆ ਕਿ ਮੈਂ ਦੇਖਦੇ ਸਾਰ ਫਟਕ ਗਿਆ ਤੇ ਆਪਣੀਆਂ ਕੜੀਆਂ ਕਿਤਾਬਾਂ ਉਥੇ ਹੀ ਸਿਟ ਕੇ ਬਾਵਰਾ ਜਿਹਾ ਹੋ ਕੇ ਉਸ ਦੀ ਗੈਲ ਲਗ ਪਿਆ, ਕਿਉਂਕਿ ਭਗਤਾਂ ਦੀ ਬਾਣੀ ਦੁਆਰਾ ਇਸ ਤੁਕ ਦਾ ਭਾਵ ਮੇਰੇ ਰੋਮ ਰੋਮ ਵਿਚ ਰਚ ਗਿਆ ਸੀ ਅਤੇ ਉਹ ਤੁਕ ਮੈਨੂੰ ਤਾਬੜ ਤੋੜ ਯਾਦ ਆ ਗਈ। ਯਥਾ—

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤਿ ਹੋਇ ਭੇਟਤ ਜਪੀਐ ਨਾਉ ॥੧੩੦॥
[ਸਲੋਕ ਕਬੀਰ ਜੀਉ, ੧੩੭੧

ਮੈਂ ਵਾਹੋ ਦਾਹ ਮਗਰ ਲਗ ਪਿਆ। ਮੇਰਾ ਇਕ ਸਾਥੀ ਮੇਰੀਆਂ ਕਿਤਾਬਾਂ ਚੁਕ ਸੰਮ੍ਹਲ ਕੇ ਉਹ ਭੀ ਮੇਰੇ ਨਾਲ ਲਗ ਪਿਆ, ਪਰ ਮੈਂ ਉਸ ਨੂੰ ਆਖ ਵੇਖ ਕੇ ਮੋੜਨ ਲਗਾ। ਉਹ ਨਾ ਮੁੜੇ, ਮੁੜੇ ਤਾਂ ਮੈਨੂੰ

ਨਾਲ ਮੋੜੇ । ਤੇ ਮੈਨੂੰ ਇਸ ਗੁਰਵਾਕ ਦਾ ਭੈ ਮਾਰੇ ਕਿ—

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥੧੧੬॥

[ਸਲੋਕ ਕਬੀਰ ਜੀ, ੧੩੭੦

ਇਸ ਪ੍ਰਕਾਰ ਦੀ ਗੁਰਵਾਕ-ਬਾਣੀ ਮੇਰੇ ਸਰਲ ਹੋ ਰਹੀ ਸੀ । ਗੱਲ ਕੀ, ਮੈਂ ਉਸ ਦੇ ਮੋੜਨ ਵਿਚ ਕਾਮਯਾਬ ਹੋ ਗਿਆ । ਮੈਂ ਉਸ ਸਾਧੂ ਦੇ ਮਗਰ ਐਉਂ ਲਗ ਗਿਆ ਜਿਵੇਂ ਕਿਸੇ ਦਾ ਲਾਇਆ ਲਗਦਾ ਹੈ । ਮੈਂ ਉਸ ਦੇ ਪਿੱਛੇ ਖਿੱਚੀਦਾ ਚਲਿਆ ਗਿਆ । ਮੈਨੂੰ ਕੋਈ ਲਾਜ ਤੇ ਸੰਕੋਚ ਸਿਆਣਪ ਨਾ ਰਹੀ । ਮੈਨੂੰ ਇਹ ਭੀ ਵਿਸਰ ਗਿਆ ਕਿ ਮੈਂ ਕਿਥੇ, ਕਿਸ ਸ਼ਹਿਰ ਵਿਚ ਤੇ ਕਿਸ ਸੜਕ ਪਰ ਜਾ ਰਿਹਾ ਹਾਂ, ਮੈਨੂੰ ਲਾਮ੍ਹ ਛਾਮ੍ਹ ਵਲ ਤੇ ਹੇਠਾਂ ਉਤੇ ਅੱਖ ਪੱਟ ਕੇ ਦੇਖਣ ਦੀ ਵੀ ਤਾਬ ਨਾ ਰਹੀ ।

ਉਸ ਸਾਧੂ ਦੀ ਲਟਪਟੀ ਰਫ਼ਤਾਰ ਉਤੇ ਟਿਕਟਿਕੀ ਬਝੀ ਹੋਈ ਸੀ । ਪਰਛਾਵੇਂ ਵਾਂਗੂ ਕੁਛ ਵਿਥ ਉਤੇ ਪਿਛੇ ਚਲ਼ਿਆ ਜਾਂਦਾ ਸੀ ਤੇ ਨੇੜੇ ਢੁਕਣ ਤੋਂ ਭੈ ਲਗਦਾ ਸੀ । ਉਸ ਨੂੰ ਕਈ ਛਾਬੜੀਆਂ ਵਾਲੇ ਮਿਠਾਈ ਨਜ਼ਰ ਕਰਦੇ ਦੇਖੇ, ਕਈ ਫਲਾਂ ਵਾਲੇ ਫਲ ਮੇਵੇ ਪੇਸ਼ ਕਰਦੇ ਦੇਖੇ, ਪਰ ਉਸ ਨੂੰ ਕੋਈ ਪਰਵਾਹ ਨਹੀਂ ਤੇ ਕਿਸੇ ਵਲ ਝਾਕਿਆ ਭੀ ਨਹੀਂ । ਮੈਨੂੰ ਉਹਦੀਆਂ ਅੱਖਾਂ ਮੇਰੇ ਵਿਚ ਹੀ ਗੱਡੀਆਂ ਹੋਈਆਂ ਭਾਸਣ । ਚਾਹੇ ਉਹ ਮੇਰੇ ਵਲ ਪਿਠ ਕਰੀ ਮੇਰੇ ਮੂਹਰੇ ਮੇਰੇ ਜਾਂਦਾ ਸੀ, ਪਰ ਉਸ ਦੀ ਪਿੱਠ ਉਤੇ ਓਹੀ ਜਾਦੂ ਭਰੀ ਦ੍ਰਿਸ਼ਟੀ ਵਾਲੀਆਂ ਅੱਖਾਂ ਲਗੀਆਂ ਹੋਈਆਂ ਦਿਸਣ ਅਤੇ ਮੇਰੀ ਓਹ ਟਿਕਟਿਕੀ ਬੰਨ੍ਹੀ ਮੈਨੂੰ ਵਾਹੋ ਦਾਹ ਮਗਰੇ ਘੜੀਸੀ ਜਾਣ ।

ਓੜਕ ਇਕ ਫੁਹਾਰੇ ਉਤੇ ਪਹੁੰਚੇ ਜੋ *ਚੀਫ਼ ਕੋਰਟ ਦੇ †ਕੋਰਟ-ਯਾਰਡ ਦੇ ਸਾਹਮਣੇ ਇਕ ਛੋਟੀ ਜਿਹੀ ਬਗੀਚੀ ਵਿਚ ਲਗਾ ਹੋਇਆ ਸੀ । ਇਹ ਫੁਹਾਰਾ ਸਦਾ ਵਗਦਾ ਰਹਿੰਦਾ ਸੀ । ਉਸ ਦਾ ਹੌਜ਼ ਜਲ ਨਾਲ ਸਦਾ

---

*ਉਸ ਵੇਲੇ, ਪੰਜਾਬ ਵਿਚ ਚੀਫ਼ ਕੋਰਟ ਹੀ ਸੀ, ਹਾਈ ਕੋਰਟ ਪਿਛੋਂ ਬਣਿਆ ਹੈ । †ਕਚਹਿਰੀ ਦਾ ਹਾਤਾ ।

ਪੂਰਤ ਰਹਿੰਦਾ ਸੀ । ਉਥੇ ਉਸ ਸਮੇਂ ਨਿਰੋਲ ਇਕਾਂਤ ਸ਼ਾਂਤ ਵਰਤ ਰਹੀ ਸੀ । ਉਥੇ ਉਸ ਨੇ ਆਪਣੇ ਕੰਬਲੀ ਚੋਲੇ ਨੂੰ ਉਤਾਰ ਕੇ ਲਾਮ੍ਹ ਰਖ ਦਿਤਾ ਤੇ ਵਿਚੋਂ ਨਗਨ ਜਟਾ ਜੂਟ ਨਿਕਲ ਆਇਆ, ਮੇਰੇ ਵਲ ਘੂਰ ਘੂਰ ਕੇ ਵੇਖਣਾ ਸ਼ੁਰੂ ਕੀਤਾ । ਮਾਨੋ ਮੈਨੂੰ ਡਰਾਉਂਦਾ ਹੈ ਕਿ ਡਰ ਕੇ ਮੁੜ ਜਾਵੇ । ਮੈਨੂੰ ਰਤਾ ਭੀ ਡਰ ਨਾ ਲੱਗਾ । ਦੂਰ ਖੜਾ ਉਹਦੀਆਂ ਲਹਿਰਾਂ ਵੇਖਦਾ ਰਿਹਾ । ਫੇਰ ਉਸ ਚਿੱਘੀ ਲਾ ਕੇ ਉਥੋਂ ਜਲ ਛਕਿਆ ਅਤੇ ਛਕ ਕੇ ਡੰਡਉਤ ਕਰਨ ਲਗਾ । ਮੈਨੂੰ ਅਜਿਹਾ ਭਾਸੇ ਕਿ ਮਾਨੋ ਇਸ ਨੂੰ ਤ੍ਰਿਕਾਲ ਦ੍ਰਿਸ਼ਟੀ ਹੈ ਅਤੇ ਇਸ ਦੀ ਦਿੱਬ ਦ੍ਰਿਸ਼ਟੀ ਖੁਲ੍ਹੀ ਹੋਈ ਹੈ ਅਤੇ ਇਸ ਦਿੱਬ ਦ੍ਰਿਸ਼ਟੀ ਕਰਕੇ ਪ੍ਰੀਪੂਰਨ ਪਰਮਾਤਮਾ ਦੇ ਸਨਮੁਖ ਝਾਕੇ ਨੂੰ ਦਿਦਾਰੇ ਲੈ ਰਿਹਾ ਹੈ ਅਤੇ ਉਸ ਦੇ ਸਰਬ ਵਿਆਪਕ ਸਰੂਪ ਨੂੰ ਸਾਹਮਣੇ ਵੇਖਦਾ ਹੋਇਆ ਉਸ ਨੂੰ ਡੰਡਉਤ ਬੰਦਨਾ ਕਰ ਰਿਹਾ ਹੈ । ਮੇਰੇ ਸਰੀਰ ਵਿਚ ਝਰ-ਨਾਟ ਜਿਹੀ ਫਿਰ ਗਈ, ਮੇਰੀ ਰੋਮਾਵਲੀ ਦੇ ਲੂੰ ਲੂੰ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਮਧੁਰ ਧੁਨੀ ਆ-ਮੁਹਾਰੀ ਨਿਕਲਣ ਲਗ ਪਈ । ਮੈਨੂੰ ਇਕ ਚੱਕਰ ਜਿਹਾ ਆਇਆ, ਮੇਰੀਆਂ ਅੱਖੀਆਂ ਦੇ ਅਗੋਂ ਦ੍ਰਿਸ਼ਟਮਾਨ ਪਸਾਰੇ ਦਾ ਸਭ ਨਜ਼ਾਰਾ ਬੰਦ ਹੋ ਗਿਆ ਤੇ ਹੋਰ ਹੀ ਬਿਸਮਾਦ ਵਰਤ ਗਿਆ, ਜਿਹੜਾ ਮੇਰੇ ਉਤੇ ਅਗੇ ਕਦੇ ਨਹੀਂ ਸੀ ਵਰਤਿਆ । ਮੈਨੂੰ ਮਾਨੋ ਪ੍ਰੀਪੂਰਨ ਬਿਸਮਾਦ ਮੰਡਲ ਦਾ ਆਕਾਸ਼ ਹੀ ਆਕਾਸ਼ ਨਜ਼ਰੀ ਆਉਂਦਾ ਸੀ । ਕੰਨ ਵਿਚ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀ ਅਖੰਡ ਧੁਨੀ ਆ ਰਹੀ ਸੀ, ਜੋ ਮੇਰੇ ਹੀ ਅੰਦਰੋਂ ਨਿਕਲਦੀ ਪ੍ਰਤੀਤ ਹੁੰਦੀ ਸੀ । ਮੇਰੇ ਸਾਹਮਣੇ ਨਾ ਉਹ ਸਾਧੂ ਪਿਆ ਦਿਸਦਾ ਹੈ, ਨਾ ਉਹ ਹੌਜ਼, ਨਾ ਉਹ ਬਗੀਚੀ । ਮੈਨੂੰ ਇਕ ਹੋਰ ਚੱਕਰ ਆਇਆ । ਮੈਂ ਧੜੱਮ ਕਰਦਾ ਡੰਡਉਤ ਪਰਨੇ ਮੂਧਾ ਜਾ ਡਿਗਿਆ, ਪਰ ਇਸ ਡਿੱਗਣ ਵਿਚ ਭੀ ਮੈਨੂੰ ਆਨੰਦ ਆਇਆ । ਖ਼ਬਰ ਨਹੀਂ, ਕਿਤਨਾ ਚਿਰ ਡਿੱਗਾ ਰਿਹਾ ਤੇ ਖ਼ਬਰ ਨਹੀਂ ਉਹ ਦਸ਼ਾ ਕਿਸ ਤਰ੍ਹਾਂ ਪਲਟੀ ਤੇ ਕਿਵੇਂ ਉਠਿਆ ? ਪਰ ਜਦ ਉਠਿਆ ਤਾਂ ਫੇਰ ਦੇਖਦਾ ਹਾਂ ਕਿ ਉਹੀ ਬਗ਼ੀਚਾ, ਉਹੀ ਹੌਜ਼ ਤੇ ਉਹੀ ਸਾਧੂ ਉਵੇਂ ਜਿਵੇਂ ਡੰਡਉਤ ਵਿਚ ਉਸੇ ਥਾਂ ਪਿਆ ਹੈ । ਮੈਂ ਚੌਂਕੜੀ ਮਾਰ ਕੇ ਰਤਾ ਫ਼ਰਕ

ਨਾਲ ਬੈਠ ਗਿਆ ਤੇ ਬਾਣੀ ਦਾ ਪਾਠ ਮੂੰਹ ਵਿਚ ਹੀ ਸੁਰਤੀ ਨਾਲ ਕਰਦਾ ਰਿਹਾ।

ਕਈ ਘੰਟੇ ਪਿੱਛੋਂ ਸਾਧੂ ਉੱਠਿਆ, ਉਠਣ ਸਾਰ ਆਪਣਾ ਕੰਬਲ ਉਦਾਲੇ ਵਲ੍ਹੇਟ ਕੇ ਮੇਰੇ ਵਲ ਵੇਖਿਆ ਤੇ ਇਸ਼ਾਰਾ ਕੀਤਾ ਕਿ ਪਿਛੇ ਮੁੜ ਜਾਹ, ਮੈਥੋਂ ਕਦ ਮੁੜਿਆ ਜਾਂਦਾ ਸੀ। ਉਹ ਠੰਢੀ ਸੜਕ ਪਰ ਖੇਲ੍ਹਦਾ ਮੇਲ੍ਹਦਾ ਆਪਣੀਆਂ ਲਟਕਾਂ ਮਟਕਾਂ ਵਿਚ ਤੁਰਿਆ ਜਾਵੇ ਤੇ ਮਗਰੇ ਮੈਂ ਤੁਰਿਆ ਜਾਵਾਂ। ਸ਼ਹਿਰ ਤੋਂ ਦੋ ਮੀਲ ਬਾਹਰਵਾਰ ਲਾਰੰਸ ਗਾਰਡਨ ਵਲ ਜਾ ਨਿਕਲੇ। ਰਸਤੇ ਵਿਚ ਸੜਕ ਦੇ ਦੋਹੀਂ ਪਾਸੀਂ ਬੜੀਆਂ ਬੜੀਆਂ ਕੋਠੀਆਂ ਤੇ ਬੰਗਲੇ ਆਏ। ਉਹ ਸਾਧੂ ਜਦ ਚਾਹੇ, ਕਿਸੇ ਭੀ ਬੰਗਲੇ ਤੇ ਸੌਦਾਗਰਾਂ ਤੇ ਮਾਲ ਖ਼ਜ਼ਾਨਿਆਂ ਵਿਚ ਜਾ ਵੜੇ, ਮਾਨੋ ਸੈਰ ਕਰਦਾ ਫਿਰਦਾ ਹੈ। ਉਸ ਨੂੰ ਕੋਈ ਨਾ ਰੋਕੇ, ਮਗਰੇ ਉਸ ਦੇ ਮੈਂ ਜਾ ਵੜਾਂ, ਮੈਨੂੰ ਵੀ ਕੋਈ ਨਾ ਹਟਾਵੇ। ਐਸਾ ਜਾਪੇ ਕਿ ਸਾਨੂੰ ਕੋਈ ਦੇਖਦਾ ਹੀ ਨਹੀਂ, ਅਸੀਂ ਸਭ ਨੂੰ ਦੇਖਦੇ ਹਾਂ। ਲਈਦੇ ਦਈਦੇ ਲਾਰੰਸ ਗਾਰਡਨ ਤੋਂ ਭੀ ਪਰ੍ਹਾਂ ਨਿਕਲ ਗਏ। ਓਦੂੰ ਪਰੇ ਮੈਂ ਕਦੀ ਗਿਆ ਹੀ ਨਹੀਂ ਸੀ। ਮੈਨੂੰ ਐਸੇ ਅਸਥਾਨਾਂ ਦੀ ਸੈਰ ਕਰਾਈ ਜਿਹੜੇ ਮੈਂ ਕਦੇ ਦੇਖੇ ਹੀ ਨਹੀਂ ਸਨ। ਸਾਰੇ ਲਾਹੌਰ ਸ਼ਹਿਰ ਦੇ ਦੁਆਲੇ ਦੋ ਮੀਲ ਪਰੇਡੇ ਦੀ ਵਿੱਥ ਤੇ ਘੁੰਮੇ। ਕਈ ਦੁਮੰਜ਼ਲੇ ਤਿਮੰਜ਼ਲੇ ਧਉਲਰਾਂ ਤੇ ਅਟਾਰੀਆਂ ਉਪਰ ਭੀ ਚੜ੍ਹੇ ਉਤਰੇ, ਪਰ ਕਿਸੇ ਨਾ ਹੋੜਿਆ, ਚੀਫ਼ਸ ਕਾਲਜ ਦੇ ਹੇਠ ਉਤਲੇ ਸਾਰੇ ਕਮਰਿਆਂ ਵਿਚੋਂ ਦੀ ਸਾਰ ਪਾਰ ਲੰਘ ਗਏ, ਵਿਚ ਪ੍ਰੋਫ਼ੈਸਰ ਪਏ ਫਿਰਨ ਤੇ ਜਮਾਤਾਂ ਦੀਆਂ ਪੜ੍ਹਾਈਆਂ ਹੋ ਰਹੀਆਂ ਸਨ, ਕਿਤੇ ਭੀ ਸਾਨੂੰ ਕਿਸੇ ਨਾ ਟੋਕਿਆ। ਇਸ ਪ੍ਰਕਾਰ ਦੇ ਸੈਲ ਸਪੱਟੇ ਕਰਦੇ ਕਰਾਉਂਦੇ ਸਾਰੇ ਸ਼ਹਿਰ ਦੇ ਉਦਾਲੇ ਦਾ ਚੱਕਰ ਦਿਨ ਛਿਪਦੇ ਤਕ ਮੁਕਿਆ, ਓੜਕ ਉਹ ਫ਼ਕੀਰ ਸ਼ਾਹ ਆਲਮੀ ਦੇ ਦਰਵਾਜ਼ੇ ਦੇ ਬਾਹਰਵਾਰ ਇਕ ਚੁਗਾਨ ਵਿਚ ਆ ਬੈਠਾ, ਜਿਥੇ ਅਨੇਕ ਪ੍ਰਕਾਰ ਦੇ ਮਤਿਆਂ ਦੇ ਸਾਧਾਂ ਦੇ ਟੋਲੇ ਅਡੋ ਅਡੀ ਅਖਾੜੇ ਜਮਾਈ ਬੈਠੇ ਸਨ। ਪਰ ਉਹ ਕਿਸੇ ਟੋਲੇ ਵਿਚ ਨਾ ਰਲਿਆ। ਇਕ ਅਟੰਕ ਜਗ੍ਹਾ ਤੇ ਵਖਰੇ ਜਾ ਬੈਠਾ। ਉਸ ਦੇ ਅਗੇ ਅਨੇਕ

ਪ੍ਰਕਾਰ ਦੇ ਪਦਾਰਥਾਂ ਦੇ ਢੇਰ ਆ ਲਗੇ, ਪਰ ਉਸ ਨੂੰ ਪਤਾ ਹੀ ਨਹੀਂ ਕਿ ਉਸ ਦੇ ਮੂਹਰੇ ਕੀ ਪਿਆ ਹੈ । ਉਸ ਦੀਆਂ ਅੱਖਾਂ ਟਟੀਰੇ ਲਗ ਰਹੀਆਂ ਸਨ ਅਤੇ ਝਮਕਦੀਆਂ ਭੀ ਨਹੀਂ ਸਨ; ਮਾਨੋ ਬ੍ਰਹਿਮੰਡ ਅਕਾਸ਼ ਦਾ ਤਮਾਸ਼ਾ ਦੇਖ ਰਹੀਆਂ ਸਨ ਤੇ ਮੈਂ ਸਾਹਮਣੇ ਥੋੜੀ ਦੂਰ ਖੜਾ ਉਸ ਵਲ ਦੇਖੀ ਜਾਵਾਂ । ਮੈਨੂੰ ਕੋਈ ਸੁਧ ਨਹੀਂ ਕਿ ਕੋਈ ਮੈਨੂੰ ਦੇਖਦਾ ਭੀ ਹੈ ਕਿ ਨਹੀਂ ।

ਮੂੰਹ-ਨ੍ਹੇਰਾ ਹੋਣ ਲੱਗਾ ਤਾਂ ਮੈਨੂੰ ਰਹਿਰਾਸ ਦੇ ਪਾਠ ਦੀ ਸੋਝੀ ਆਈ । ਮੈਂ ਪਾਠ ਕਰਨ ਨਮਿਤ ਇਕਲਵਾਂਝੇ ਜਾ ਬੈਠਾ । ਭੋਗ ਪਾ ਕੇ ਜਦੋਂ ਉਤ ਵਲ ਫੇਰ ਆਇਆ ਤਾਂ ਉਸ ਫ਼ਕੀਰ ਨੂੰ ਉਥੇ ਨਾ ਪਾਇਆ । ਵਿਆਕੁਲ ਹੋ ਕੇ ਇਧਰ ਉਧਰ ਬਥੇਰੀ ਢੂੰਡ ਭਾਲ ਕੀਤੀ, ਪਰ ਕੁਝ ਪਤਾ ਨਾ ਮਿਲਿਆ । ਓੜਕ ਮੈਂ ਨਿਰਾਸ ਹੋ ਕੇ ਨਾਭਾ ਹਾਊਸ ਨੂੰ ਚਲਿਆ ਆਇਆ । ਉਸੇ ਤਰ੍ਹਾਂ ਘਰੋੜੇ ਮੰਜੇ ਤੇ ਆ ਡਿੱਗਾ । ਅੰਨ ਜਲ ਕੁਛ ਨਾ ਕੀਤਾ । ਸਾਰੀ ਰਾਤ ਉਸਲਵੱਟਿਆਂ ਵਿਚ ਲੰਘੀ । ਇਕ ਇਹੋ ਲਗਨ ਲੱਗੀ ਹੋਈ ਕਿ ਕਿਵੇਂ ਉਸ ਫ਼ਕੀਰ ਦੇ ਫੇਰ ਮੇਲੇ ਹੋਣ ।

ਪਰ ਦਿਨ ਚੜ੍ਹਦੇ ਹੀ ਮੇਰੇ ਸਾਥੀ ਮੈਨੂੰ ਧੂ ਘੜੀਸ ਕੇ ਕਾਲਜ ਵਲ ਲੈ ਤੁਰੇ । ਪੁਰਾਣੀ ਅਨਾਰਕਲੀ ਵਿਚ ਜਾ ਪਹੁੰਚੇ ਤਾਂ ਇਕ ਘੜੀਸਾਜ਼ ਦੀ ਦੁਕਾਨ ਉਤੋਂ ਸਾਡੇ ਵਿਚੋਂ ਕਿਸੇ ਘੜੀ ਲੈਣੀ ਸੀ । ਅਸੀਂ ਸਾਰੇ ਹੀ ਉਥੇ ਹੀ ਜਾ ਵੜੇ । ਮੇਰੀ ਨਿਗਾਹ ਬਾਹਰ ਵਲ ਲਗੀ ਹੋਈ ਸੀ ਕਿ ਮਤੇ ਉਹੋ ਫ਼ਕੀਰ ਨਜ਼ਰੀ ਪੈ ਜਾਵੇ । ਇਸੇ ਖ਼ਿਆਲ ਵਿਚ ਖੜਾ ਸੀ ਕਿ ਝਟ ਪਟ ਉਹੋ ਫ਼ਕੀਰ ਉਸੇ ਦੁਕਾਨ ਦੇ ਅਗੇ ਕਿਧਰੋਂ ਆ ਨਿਕਲਿਆ । ਖੜੋਂਦੇ ਸਾਰ ਮੇਰੀ ਵੱਲ ਤੱਕਿਆ ਤੇ ਮੁਸਕਾਇਆ ਅਤੇ ਖਿਚ ਦੁਆਰਾ ਮੈਨੂੰ ਮਗਰੇ ਧੂ ਕੇ ਲੈ ਤੁਰਿਆ । ਮੇਰੀਆਂ ਕਿਤਾਬਾਂ ਉਥੇ ਹੀ ਪਈਆਂ ਰਹਿ ਗਈਆਂ । ਮੈਨੂੰ ਕਾਲਜ ਜਾਣਾ ਭੁਲ ਗਿਆ । ਮੈਂ ਕਮਲਾ ਜਿਹਾ ਹੋ ਕੇ ਸਾਧੂ ਦੇ ਪਿਛੇ ਲਗ ਗਿਆ । ਕਲ ਵਾਂਗੂ ਉਸੇ ਤਰ੍ਹਾਂ ਪਹਿਲਾਂ ਉਸੇ ਫੁਹਾਰੇ ਵਾਲੇ ਹੌਜ਼ ਦੇ ਚਮਨ ਵਿਚ ਪਹੁੰਚੇ । ਉਥੇ ਉਹ ਖੜੇ ਖੜੋਤੇ ਮੈਨੂੰ ਧਿਆਨ-ਮਗਨ ਹੋਇਆ ਪ੍ਰਤੀਤ ਹੋਇਆ । ਮੈਥੋਂ ਰਿਹਾ ਨਾ ਗਿਆ, ਧਾ

ਕੇ ਚਰਨ ਫੜਣ ਨੂੰ ਔਹਲਿਆ, ਪਰ ਪਤਾ ਨਹੀਂ ਉਹ ਕਿਵੇਂ ਤਾੜ ਗਿਆ, ਮੇਰੀ ਠੋਡੀ ਦੇ ਹੇਠਾਂ ਹੱਥ ਪਾ ਕੇ ਉਪਰੋਂ ਬੋਚ ਲਿਆ। ਮੈਂ ਬੁੱਤ ਵਾਂਗੂ ਖੜਾ ਹੀ ਰਹਿ ਗਿਆ ਤੇ ਉਹ ਰਮਤੇ ਹੋ ਤੁਰੇ। ਅਜੇ ਥੋੜੀ ਹੀ ਦੂਰ ਗਏ ਸੀ ਕਿ ਮੈਂ ਨਵਾਂ ਨਿਰੋਆ ਹੋ ਕੇ ਫਿਰ ਪਿਛੇ ਜਾ ਲਗਿਆ। ਹੋਰ ਸਾਰਾ ਵਿਸਥਾਰ ਕੀ ਦਸਾਂ, ਉਹ ਸਾਰਾ ਦਿਨ ਇਸੇ ਤਰ੍ਹਾਂ ਬਿਤਾਇਆ ਕਿ ਉਹ ਅਗੇ ਤੇ ਮੈਂ ਪੰਜ ਕੁ ਕਦਮ ਦੀ ਵਿੱਥ ਤੇ ਪਿਛੇ। ਬੜੇ ਉਤਾਰ ਚੜ੍ਹਾਉ ਮੈਨੂੰ ਦਿਖਾਏ, ਪਰ ਮੈਂ ਪਿੱਛਾ ਨਾ ਛਡਿਆ। ਗੱਲ ਬਾਤ ਕੋਈ ਨਹੀਂ ਹੋਈ ਤੇ ਉਹ ਬੋਲਦੇ ਕਿਸੇ ਨਾਲ ਨਹੀਂ ਸਨ। ਮੇਰੇ ਹਿਰਦੇ ਅੰਦਰ ਇਸ ਗੁਰਵਾਕ ਵਾਲੀ ਸ਼ਰਧਾ ਬੈਠੀ ਹੋਈ ਸੀ ਕਿ :—

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤਿ ਹੋਇ ਭੇਟਤਿ ਜਪੀਐ ਨਾਉ ।੧੩੫॥

[ਸਲੋਕ ਕਬੀਰ ਜੀ, ੧੩੭੧

ਸੋ ਮੈਂ ਗੈਲ ਨਾ ਛੱਡੀ, ਮਾਰਗ ਲਗਾ ਹੀ ਚਲਿਆ ਗਿਆ। ਉਸ ਵੇਲੇ ਇਨ੍ਹਾਂ ਤੁਕਾਂ ਦੇ ਇਹੋ ਸਾਧਾਰਨ ਭਾਵ-ਅਰਥ ਹੀ ਮੇਰੇ ਅੰਦਰ ਦ੍ਰਿੜ੍ਹ ਸਨ। ਅਜ ਵੀ ਕਲ੍ਹ ਵਾਂਗੂ ਰੰਗਾ-ਰੰਗੀ ਬਚਿਤ੍ਰ ਰਚਨਾ ਮਹਿਲ-ਮਾੜੀਆਂ ਤੇ ਰੰਗ ਤਮਾਸ਼ੇ ਦੇਖੇ, ਜੋ ਮੈਂ ਸੁਪਨੇ ਵਿਚ ਵੀ ਨਹੀਂ ਦੇਖੇ ਸਨ, ਪਰਤੱਖ ਤਾਂ ਕੀ ਦੇਖਣੇ ਸਨ। ਮੁਕਦੀ ਗੱਲ ਇਹ ਹੈ ਕਿ ਅਜ ਦਾ ਗੇੜ ਵੀ ਕਲ੍ਹ ਵਾਂਗੂ ਹੀ ਲੱਗਾ ਤੇ ਸਾਰੇ ਦਿਨ ਵਿਚ ਦੀ ਮੁਕਿਆ। ਆਥਣ ਜਿਥੇ ਕਲ੍ਹ ਆ ਕੇ ਬੈਠੇ ਸੀ, ਆ ਕੇ ਦਮ ਲਿਆ।

## ਸਾਧੂ ਉਪਰੋਂ ਸ਼ਰਧਾ ਉਠ ਜਾਣੀ—

ਮੇਰੀ ਸ਼ਰਧਾ ਭਾਵਨੀ ਉਸ ਫ਼ਕੀਰ ਪਰ ਕਲ੍ਹ ਨਾਲੋਂ ਭੀ ਅਧਿਕ ਵਧ ਗਈ। ਤੇ ਵਧਦੇ ਵਧਦੇ ਹੋਰ ਹੀ ਵਹਿਣ ਦੇ ਰੰਗਾਂ ਵਿਚ ਪੈਣ ਲਗੀ ਸੀ ਕਿ ਅਚਾਨਕ ਭਾਣਾ ਹੋਰ ਹੀ ਵਰਤ ਗਿਆ। ਉਹ ਜਿਹੜਾ ਬੀਤ ਰਾਗ ਸਾਧੂ ਪਰਤੀਤ ਹੁੰਦਾ ਸੀ, ਉਹ ਜਿਸ ਨੂੰ ਮੈਂ ਜਾਣ ਚੁਕਾ ਸੀ ਕਿ ਜਿਸ ਨੂੰ ਸੰਸਾਰ ਭਰ ਦੇ ਮਾਇਕ ਪਦਾਰਥ ਪੋਹ ਤਕ ਨਹੀਂ ਸਕਦੇ, ਜਿਸ

ਨੂੰ ਮੈਂ ਪਉਣਹਾਰੀ ਨਿਰਾਹਾਰ ਫ਼ਕੀਰ ਮਨ ਬਚ ਕ੍ਰਮ ਕਰ ਕੇ ਸਮਝ ਚੁਕਾ ਸੀ ਅਤੇ ਉਸ ਦੇ ਅਗੇ ਭਾਂਤ ਭਾਂਤ ਦੇ ਪਕਵਾਨ ਭੋਜਨ ਤੇ ਮੇਵਿਆਂ ਦੇ ਢੇਰ ਲਗੇ ਪਏ ਹਨ, ਕਿਸੇ ਵਲ ਤਕਦਾ ਭੀ ਨਹੀਂ, ਲਓ ! ਅਚਾਨਕ ਮੇਰੀ ਨਿਰਾਸਤਾ ਨੂੰ ਕੀ ਭਾਣਾ ਵਰਤ ਜਾਂਦਾ ਹੈ ਕਿ ਇਕ ਆਦਮੀ ਸੁਲਫ਼ੇ ਦੀ ਚਿਲਮ ਅੱਗ ਨਾਲ ਭਖਦੀ ਉਸ ਦੇ ਅਗੇ ਲਿਆਉਂਦਾ ਹੈ ਤੇ ਉਹ ਫ਼ਕੀਰ ਬਗ਼ੈਰ ਕਿਸੇ ਸੰਕੋਚ ਦੇ ਤਾਬੜ ਤੋੜ ਉਸ ਚਿਲਮ ਨੂੰ ਹੱਥ ਵਿਚ ਫੜ ਕੇ ਸੂਟੇ ਲਾਉਣ ਲੱਗ ਜਾਂਦਾ ਹੈ। ਦੇਖਣ ਸਾਰ ਮੇਰਾ ਕਾਲਜਾ ਪਾਟ ਗਿਆ, ਮੇਰੇ ਕੋਮਲ ਸ਼ਰਧਾਵਾਨ ਹਿਰਦੇ ਉਤੇ ਐਸੀ ਬੱਜਰ ਬਿੱਜ ਪਈ ਕਿ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਤੇ ਧੜੰਮ ਦੇ ਕੇ ਗ਼ਸ਼ ਖਾ ਕੇ ਡਿੱਗਾ। ਹਾਲ ਹਾਲ ਹੋ ਗਈ। ਮੈਨੂੰ ਖ਼ਬਰ ਨਹੀਂ, ਕਿਵੇਂ ਹੋਸ਼ ਆਈ; ਪਰ ਹੋਸ਼ ਆਉਣ ਸਾਰ ਮੈਂ ਆਪਣੇ ਕਾਲਜੇ ਨੂੰ ਥੰਮ੍ਹ ਕੇ ਉਥੋਂ ਤੁਰਨ ਦੀ ਕੀਤੀ। ਮੈਨੂੰ ਤੁਰਦੇ ਨੂੰ ਹੀ, ਉਸ ਕਦੇ ਨਾ ਬੋਲਣ ਵਾਲੇ ਤੇ ਕਦੇ ਕਿਸੇ ਦੀ ਪਰਵਾਹ ਨਾ ਕਰਨਹਾਰੇ ਫ਼ਕੀਰ ਨੇ ਆਣ ਵੰਗਾਰਿਆ ਕਿ :—

"ਕਿਉਂ ! ਇਤਨੀ ਹੀ ਜੀਰਾਂਦ ਸੀ ? ਥੋੜ੍ਹੇ ਵਿਚ ਹੀ ਪਰਖੇ ਗਏ ਤੇ ਅਸ਼ਰਧਕ ਹੋ ਕੇ ਮੂੰਹ ਮੋੜ ਚਲੇ ?"

ਮੈਂ ਆਖਿਆ ਕਿ ਜੇ ਹੁਣ ਤੂੰ ਰੱਬ ਬਣ ਕੇ ਭੀ ਆਵੇਂ ਤਾਂ ਮੇਰੀ ਸ਼ਰਧਾ ਤੇਰੇ ਉਤੇ ਨਹੀਂ ਜੰਮੇਗੀ। ਤੇ ਮੈਂ ਇਹ ਤੁਕ ਪੜ੍ਹੀ :—

ਮੈਂ ਜਾਣਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥

[ਮ: ੩, ਸਲੋਕ ਫ਼ਰੀਦ ਜੀ, ੧੩੮੪

ਅਤੇ ਪੜ੍ਹਦੇ ਸਾਰ ਹੀ ਉਸ ਥੋਂ ਪੱਲਾ ਛੁਡਾ ਕੇ ਚਲਦਾ ਲਗਾ। ਮੇਰੇ ਪਿਛੇ ਇਕ ਹੋਰ ਆਦਮੀ ਦੌੜਦਾ ਆਇਆ ਤੇ ਮਰੇ ਨਾਲ ਨਾਲ ਤੁਰ ਪਿਆ ਅਤੇ ਇਸ ਪਰਕਾਰ ਦਾ ਛੇੜ ਛੇੜਿਆ :—

ਉਹ ਆਦਮੀ—ਭਾਈ ! ਜਿਸ ਨੇ ਕਦੇ ਕਿਸੇ ਨੂੰ ਬੁਲਾਇਆ ਨਹੀਂ ਤੇ ਕਦੇ ਕਿਸੇ ਦੀ ਪਰਵਾਹ ਨਹੀਂ ਕੀਤੀ, ਉਸ ਸਾਈਂ ਫ਼ਕੀਰ ਨੇ

ਤੈਨੂੰ ਆਪ ਬੁਲਾਇਆ ਹੈ, ਤੂੰ ਉਸ ਨੂੰ ਪਿੱਠ ਦੇ ਕੇ ਤੁਰ ਪਿਆ, ਇਹ ਤੇਰੇ ਬੜੇ ਅਭਾਗ ਹਨ। ਇਹ ਬੜਾ ਪਹੁੰਚਿਆ ਹੋਇਆ ਸਾਧੂ ਫ਼ਕੀਰ ਹੈ ਤੇ ਬੜੀ ਉਚੀ ਕੁਲ ਦਾ ਕਸ਼ਮੀਰੀ ਬ੍ਰਾਹਮਣ ਹੈ, ਜੋ ਕਈ ਬਰਸਾਂ ਤੋਂ ਬਿਰੱਕਤ ਬੀਤ ਰਾਗ ਹੋ ਕੇ ਏਥੇ ਬਿਚਰਦਾ ਹੈ, ਅਤੇ ਮੋਨਧਾਰੀ ਹੋ ਕੇ ਹਮੇਸ਼ਾ ਆਪਣੇ ਰੰਗਾਂ ਵਿਚ ਮਸਤ ਰਹਿੰਦਾ ਹੈ। ਅਜ ਪਹਿਲਾ ਦਿਨ ਹੈ ਕਿ ਇਸ ਨੇ ਤੇਰੇ ਨਾਲ ਬਚਨ ਬਿਲਾਸ ਕੀਤਾ। ਤੇਰੇ ਮਨ ਵਿਚ ਕੀ ਆਈ ਕਿ ਇਸ ਤੋਂ ਮੂੰਹ ਮੋੜ ਚਲਿਆ ਹੈਂ ?

ਮੈਂ—ਭਾਈ ! ਭਾਵੇਂ ਕੋਈ ਕਿਤਨਾ ਹੀ ਵੱਡਾ ਫ਼ਕੀਰ ਹੋਵੇ, ਅਸੀਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ। ਉਚ ਕੁਲ ਤੇ ਲੌਕਿਕ ਵਡਿਆਈ ਕਰਨ ਦੀ ਇਥੇ ਕੋਈ ਪਰਵਾਹ ਪਰਖ ਨਹੀਂ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ
॥੪॥੩॥ [ਸਿਰੀ ਰਾਗੁ ਮ: ੧, ਪੰਨਾ ੧੫

ਉਹ ਆਦਮੀ—ਫੇਰ ਤੈਂ ਉਸ ਵਿਚ ਕੀ ਐਬ ਦੇਖਿਆ ?

ਮੈਂ—ਕਿਸੇ ਦੇ ਐਬ ਦੇਖਣ ਦਾ ਸਾਡਾ ਕੋਈ ਮਤਲਬ ਨਹੀਂ। ਮਨ ਨਹੀਂ ਮੰਨਿਆ, ਬੇੜਾ ਜਰਜਰਾ ਦੇਖਿਆ ਤਾਂ "ਉਤਰ ਪਰਿਓ ਹਉ ਫਰਕਿ"। ਬਸ ਏਦੂੰ ਵਧ ਹੋਰ ਬਾਹਲੀ ਗੱਲ ਕਰਨ ਦੀ ਲੋੜ ਨਹੀਂ। ਤੁਸੀਂ ਆਪਣੇ ਰਾਹ ਲਗੋ, ਮੈਨੂੰ ਆਪਣੇ ਰਾਹ ਜਾਣ ਦਿਓ। ਗੱਲ ਕੀ, ਉਸ ਆਦਮੀ ਨੂੰ ਓੜਕ ਖਿਸਕਣਾ ਹੀ ਪਿਆ ਅਤੇ ਮੈਂ ਗੋਲ ਬਾਗ ਵਿਚ ਜਾ ਕੇ ਇਕਾਂਤ ਅਸਥਾਨ ਬੈਠ ਕੇ ਰਹਿਰਾਸ ਦਾ ਪਾਠ ਬੜੀ ਵੈਰਾਗ ਬ੍ਰਿਤੀ ਵਿਚ ਕੀਤਾ। ਭੋਗ ਪਾ ਅਰਦਾਸਾ ਸੋਧਿਆ :—

## ਪ੍ਰੇਮ-ਭਿੰਨਾ ਅਰਦਾਸਾ—

"ਹੇ ਸੱਚੇ ਪਾਤਸ਼ਾਹ ! ਇਸ ਭਰਮ ਭੁਲੇ ਭਟਕਣਹਾਰ ਆਪਣੇ ਇਆਣੇ ਬਾਲਕ ਨੂੰ ਅਜ ਤੈਂ ਆਪਣੀ ਅਪਾਰ ਕਿਰਪਾ ਕਰਿ ਉਭਾਰਿਆ ਹੈ। ਤੇਰੀ ਲਾਈ ਹੋਈ ਸਿੱਕ-ਲੱਗੀ, ਤੈਂ ਹੀ ਇਸ ਦਾਸ ਨੂੰ, ਖੌਜ

ਬੈਰਾਗੀ ਬਣਾਇਆ। ਤੂੰ ਹੀ ਕਸ ਕਸਵਟੀ ਲਾਵਣਹਾਰ ਹੈਂ, ਤੂੰ ਹੀ ਪਰਖ ਖ਼ਜ਼ਾਨੇ ਪਾਵਣਹਾਰ ਹੈਂ, ਤੂੰ ਹੀ ਲੱਗੀ ਪ੍ਰੀਤ ਨੂੰ ਓੜ ਨਿਭਾਵਣਹਾਰ ਹੈਂ। ਅਡੋਲ ਸ਼ਰਧਾ ਭਾਵਨੀ ਵਾਲੀ ਗੁਰਮਤਿ ਪਰਦਾਨ ਕਰ ਤੇ ਤੇਰੇ ਹੀ ਘਰ ਦੇ ਸੰਤਾਂ, ਭਗਤਾਂ, ਸਾਧੂਆਂ ਅਤੇ ਗੁਰਮੁਖਾਂ ਦੀ ਚਰਨ ਸਰਨ ਅਤੇ ਸੰਗਤ ਪ੍ਰਾਪਤ ਹੋਵੇ ਅਤੇ ਗੁਰਮਤਿ ਅਸੂਲਾਂ ਦੀ ਧਾਰਨਾ ਦੇ ਧਾਰਨੀ ਸਦਾ ਆਪਣੇ ਇਸ ਆਸਾਵੰਤ ਦਾਸ ਨੂੰ ਬਣਾਈ ਰੱਖੀਂ।''

ਇਸ ਪ੍ਰਕਾਰ ਦੇ ਭਾਵ ਦੀ ਜੋਦੜੀ ਅਰਦਾਸੇ ਵਿਚ ਕੀਤੀ ਤੇ ਠੰਢਾ ਠਾਰ ਹੋ ਕੇ ਆਪਣੇ ਬਿਸ੍ਰਾਮ-ਅਸਥਾਨ ਤੇ ਜਾ ਬਿਰਾਜਿਆ। ਦੂਜੇ ਦਿਨ ਛੁੱਟੀ ਸੀ। ਮੈਂ ਅੰਮ੍ਰਿਤ ਵੇਲੇ ਹੀ ਇਸ਼ਨਾਨ ਪਾਠ ਕਰ ਕੇ ਦਿਨ ਚੜ੍ਹਦੇ ਸਾਰ ਇਕੱਲਾ ਹੀ ਗੁਰੂ ਕੀਆਂ ਸੰਗਤਾਂ ਦੇ ਦਰਸ਼ਨੀ ਦੀਵਾਨਾਂ ਵਿਚ ਜਾ ਜੁੜਨ ਦੇ ਲਾਹੇ ਲਈ ਉਤਾਵਲਾ ਹੋ ਕੇ ਨਿਕਲ ਤੁਰਿਆ। ਮੈਨੂੰ ਸੂਝ ਨਹੀਂ ਸੀ ਕਿ ਕਿਤ ਵਲ ਜਾਂਦਾ ਹਾਂ। ਐਵੇਂ ਅੰਦਰੋਂ ਹੀ ਪ੍ਰੇਰਨਾ ਹੋਈ ਕਿ ਚਲੋ ਅੱਜ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਦਾ ਦਰਸ਼ਨ ਚਲ ਕਰੀਏ। ਅਤੀਤ ਬੈਰਾਗੀ ਹੋ ਕੇ ਉਤ ਵਲ ਚਲ ਨਿਕਲਿਆ।

## ਇਕ ਗੈਬੀ ਬਿਰਧ ਦੇ ਦਰਸ਼ਨ–

ਜਦ ਮੈਂ ਉਥੇ ਪਹੁੰਚਿਆ ਤੇ ਅਜੇ ਸ਼ਹੀਦ ਗੰਜ ਦੇ ਬੂਹੇ ਵੜਨ ਹੀ ਲੱਗਾ ਸੀ ਕਿ ਇਕ ਬਿਰਧ ਸਿੰਘ ਸੁਜਾਨ ਚਿੱਟੇ ਦਾੜ੍ਹੇ ਵਾਲੇ ਮੈਨੂੰ ਮਿਲੇ। ਦਾਸ ਨੇ ਦੋਇ ਕਰ ਜੋੜ ਫ਼ਤਹ ਬੁਲਾਈ ਤੇ ਉਨ੍ਹਾਂ ਦੇ ਅਗੇ ਨਿਉਂ ਕੇ ਖਲੋਇਆ। ਉਹਨਾਂ ਮੈਨੂੰ ਥਾਪੜਾ ਦੇ ਕੇ ਆਖਿਆ :–

> ''ਜਾਹ, ਤੇਰੇ ਉਤੇ ਗੁਰੂ ਕੀਆਂ ਖ਼ੁਸ਼ੀਆਂ ਹਨ। ਤੂੰ ਸੁਲਫ਼ਈ ਫ਼ਕੀਰ ਉਤੇ ਨਹੀਂ ਰੀਝਿਆ। ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਹਾਵੇਗੀ। ਜਾਹ ! ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ। ਏਹੀ ਸੱਚੇ ਗੁਰੂ ਕਲਿਜੁਗ ਦੇ ਹਨ।

ਇਨ੍ਹਾਂ ਦੇ ਲੜ ਲਗਿਆਂ ਹੀ ਪਾਰ-ਉਤਾਰਾ ਹੋਵਸੀ। ਨਿਤ
ਉੱਠ ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ ਪਾਠ ਕੀਤਾ ਕਰ।"

ਇਤਨੇ ਬਚਨ ਕਹਿ ਕੇ ਉਹ ਬਿਰਧ ਸਿੰਘ ਲੋਪ ਹੋ ਗਿਆ।

ਦਾਸ ਰਸ-ਪ੍ਰੇਮ ਭਰਿਆ ਸ਼ਹੀਦ-ਅਸਥਾਨ ਦੇ ਅੰਦਰ ਆਇਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਪਾਠ ਕੀਤੇ। ਮੈਨੂੰ ਯਾਦ ਨਹੀਂ ਕਿ ਉਸ ਵਕਤ ਕਿਹੜਾ ਗੁਰਵਾਕ ਆਇਆ, ਪਰ ਉਸ ਦਾ ਭਾਵ ਉਤਸ਼ਾਹ-ਦਾਤਾ ਤੇ ਗੁਰਮਤਿ ਦੀ ਚੜ੍ਹਦੀ ਕਲਾ ਵਿਚ ਉਭਾਰਨ ਵਾਲਾ ਸੀ। ਬਸ! ਉਸ ਦਿਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦਾ ਨੇਮ ਪ੍ਰੇਮ ਅਰੰਭ ਹੋ ਗਿਆ, ਗੁਰੂ ਦੀਆਂ ਸੰਗਤਾਂ ਦੀ ਟਹਿਲ ਮਹਿਲ ਪ੍ਰਾਪਤ ਹੋਣ ਲਗ ਪਈ। ਮੇਰੇ ਵਾਸਤੇ ਸੱਚੀ ਵਿਦਿਆ ਗੁਰਮਤਿ ਵਿਦਿਆ ਦੇ ਗੁਪਤ ਖ਼ਜ਼ਾਨੇ ਖੁਲ੍ਹ ਗਏ ਅਤੇ ਸੰਸਾਰੀ ਵਿਦਿਆ ਅਵਿਦਿਆ ਹੀ ਭਾਸਣ ਲਗ ਪਈ। ਉਧਰ ਰੁਚੀ ਹੀ ਨਾ ਜਾਵੇ, ਐਵੇਂ ਬੱਧਾ ਚੱਟੀ ਭਰਦਾ ਰਹਾਂ।

●

# ਨਾਗਪੁਰ ਜੇਲ੍ਹ ਵਿਚ ਪਾਦਰੀ ਨਾਲ ਮੁਲਾਕਾਤ

**ਵਲੈਤੋਂ ਆਇਆ ਵੱਡਾ ਪਾਦਰੀ 'ਫ਼ਾਦਰ ਐਲਵਿਨ' ਭਾਰਤ ਦੀਆਂ ਜੇਲ੍ਹਾਂ ਦਾ ਮੁਆਇਨਾ ਕਰਦਾ ਕਰਦਾ ਨਾਗਪੁਰ ਜੇਲ੍ਹ ਵਿਚ, ਅਖ਼ੀਰ ਅਪ੍ਰੈਲ ੧੯੩੦ ਵਿਚ ਪੁਜਾ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਉਚੇਚੀ ਮੁਲਾਕਾਤ ਪਸਚਾਤ, ਪਾਦਰੀ ਦਾ ਕੋਠੀ-ਬੰਦ ਹੋ ਕੇ ਅਜ਼ਮਾਉਣਾ ਅਤੇ ਕਹਿਣਾ ਕਿ 'ਤੁਮਾਰਾ ਗੁਰੂ ਤੁਮਾਰੇ ਸਾਥ ਹਰਦਮ ਰਹਿਤਾ ਹੈ।'**

ਹਾਂ ਜੀ! ਉਹ ਤੰਗ-ਤਾਰੀਕ ਕਾਲ ਕੋਠੜੀ ਹੈ ਜਿਥੇ ਦਿਨ ਰਾਤ ਅਕਾਲ ਅਕਾਲ ਦੀ ਧੁਨੀ ਅਜਪਾ ਜਾਪ ਦੀ ਟੇਰ ਵਿਚ ਅਭਿਆਗਤ ਰਹਿਣ ਕਰਿ ਅਚਰਜ ਰੁਣਝੁਣੀ ਗੁੰਜਾਰ ਬਣੀ ਰਹਿੰਦੀ ਹੈ। ਗੁਰੂ ਕਰਤਾਰ ਦੀ ਅਹਿਨਿਸ ਹਜ਼ੂਰੀ ਦਿੱਬ ਨਿਕਟਾਰੀ ਨੈਣ ਅਲੋਇਣੀ ਇਨਕਸ਼ਾਫ਼ ਪ੍ਰਗਟ ਪਾਹਾਰੇ ਜਾਪਦਾ ਹੈ। ਨਾਫ਼ ਨਾਫ਼ੋਲੜੇ, ਮੁਸ਼ਕ ਝਕੋਲੜੇ, ਜਾਪ ਜਪੋਲੜੇ ਢੋਲੜੇ ਦਾ ਸਦਾ ਨਵਤਨ ਰੰਗੋਲੜਾ ਵਿਗਾਸ ਨਾਭ ਕੰਵਲ ਤੋਂ ਵਿਗਸ ਕੇ ਨਭ-ਮੰਡਲਾਂ ਵਿਚ ਪਸਰ ਜਾਂਦਾ ਹੈ। ਇਹ ਜੋਤਿ ਬਿਸ਼ਗੁਫ਼ਤਨੀ ਪਸਾਰਾ ਇਸ ਕਾਲ-ਕੋਠੜੀ ਨੂੰ ਝਿਲਮਿਲਾਤੀ ਭਉਣ ਗੁਫ਼ਾ ਬਣਾਈ ਰਖਦਾ ਹੈ—

ਜਿਉ ਪਸਰੀ ਸੂਰਜ ਕਿਰਣਿ ਜੋਤਿ ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥

[ਬਸੰਤ ਮ: ੪, ਪੰਨਾ ੧੧੭੭

ਵਾਲੇ ਗੁਰਵਾਕ ਭਾਵ ਦਾ ਨਜ਼ਾਰਾ ਬਝਿਆ ਰਹਿੰਦਾ ਹੈ। ਜੋਤਿ ਵਿਗਾਸੀ ਪਸਾਰੇ ਦਾ ਪਰਤੱਖ ਦਰਸਾਰਾ ਇਸ ਨੂਰ-ਕਿਰਨੀ ਨਜ਼ਾਰੇ ਦਾ ਤੱਤ ਪਰਮਾਰਥੀ ਭਾਵ-ਅਰਥ ਹੈ। ਇਸ ਪਰਤੱਖ ਜੋਤਿ ਪਸਾਰੜੇ, ਦਰਸ ਦਰ-ਸਾਰੜੇ, ਨਿਕਟ ਨਜ਼ਾਰੜੇ ਨੂੰ ਪੇਖਿ ਪੇਖਿ ਅਹਿਨਿਸ ਦਿੱਬ ਦੀਦਨੀ-ਲੋਇਨੜੀਆਂ ਖੀਵੜੀਆਂ ਰਹਿੰਦੀਆਂ ਹਨ।

ਇਕ ਦਿਨ ਇਸ ਖੀਵਨ ਖੀਵੜੀ ਰਸਕ ਬਿਸਮੀਵੜੀ ਲਟਕ ਵਿਚ ਜਿੰਦਰੇ ਬੰਦ ਕੋਠੀ ਦੇ ਜੰਗਲੇ ਪਾਸ ਅੰਦਰਵਾਰ ਖੜੇ ਖੜੋਤੇ ਦੀ ਹੀ ਲਿਵਤਾਰ ਜੁੜ ਗਈ। ਉਥੇ ਖੜੇ ਨੂੰ ਧੁੱਪ ਆ ਗਈ। ਕੜਕਦੀ ਧੁੱਪ ਵਿਚ ਖੜੋਤੇ ਦੀ ਭੀ ਲਿਵ-ਮਗਨ ਤਾੜੀ ਨਾ ਖੁਲ੍ਹੀ। ਪਤਾ ਨਹੀਂ ਇਸ ਅਚੱਲ ਤੇ ਅਹਿੱਲ ਦਸ਼ਾ ਵਿਚ ਖੜੇ ਨੂੰ ਕਿਤਨਾ ਚਿਰ ਬੀਤ ਗਿਆ ਹੋਣਾ ਹੈ। ਉਦੋਂ ਹੀ ਪਤਾ ਲਗਾ ਕਿ ਕਿਸੇ ਨੇ ਮੋਢੇ ਤੋਂ ਫੜ ਕੇ ਮੰਝ ਲਿਵ ਪਥਰਾਈ ਮੂਰਤੀ ਨੂੰ ਆਣ ਹਲੂਣਿਆ, ਤਾਂ ਅਮੀਂ ਬੁਰੱਕੜੀਆਂ ਅੱਖੀਆਂ ਤਤ ਛਿਨੀ ਝਮੱਕੇ ਵਿਚ ਖੁਲ੍ਹ ਗਈਆਂ। ਉਘੜੀਆਂ ਅੱਖੀਆਂ ਦਾ ਝਾਤਿ ਤਾਂ ਕਿਸੇ ਪਾਸੇ ਪਵੇ ਨਾ, ਤ੍ਰਬਕ ਉਠੇ ਸੁਜਾਗੂਅੜੇ ਨੂੰ ਜਗਾਵਨਹਾਰਾ ਭੀ ਤ੍ਰਬਕ ਉਠਿਆ ਤੇ ਤ੍ਰਬਕ ਕੇ ਆਖਣ ਲਗਾ : (Excuse me)ਮੇਰੇ ਉਤੇ ਖਿਮਾ ਕਰਨੀ, ਮੈਂ ਮਜਬੂਰ ਹੋ ਕੇ ਹਲੂਣਿਆ ਹੈ; ਪੰਦਰ੍ਹਾਂ ਮਿੰਟ ਤੋਂ ਅਧਿਕ ਹੋ ਗਏ ਹਨ ਕਿ ਬਾਹਰ ਦੇਖੋ ਸੈੱਲ ਯਾਰਡ (Cell yard) ਕੋਠੀ ਦੇ ਵੇਹੜੇ ਦੇ ਬੂਹੇ ਤੇ ਸਾਡੇ ਵਲਾਇਤੋਂ ਆਏ ਵਡੇ ਪਾਦਰੀ ਸਾਹਿਬ, ਹੋਰ ਅਫ਼ਸਰਾਂ ਸਮੇਤ ਖੜੇ ਹਨ। ਤੁਹਾਨੂੰ ਖ਼ਾਸ ਤੌਰ ਤੇ ਮਿਲਣ ਆਏ ਹਨ।

ਮੈਂ—ਬੂਹੇ ਬਾਹਰ ਖੜੋਤਿਆਂ ਮੁਲਾਕਾਤੀਆਂ ਵਲ ਝਾਕ ਕੇ ਆਖਿਆ ਕਿ ਅੰਦਰ ਆ ਜਾਓ, ਬਾਹਰ ਕਿਉਂ ਖੜੋਤੇ ਹੋ।

ਪਾਦਰੀ ਸਾਹਿਬ ਬੋਲੇ—ਅਛੇ ਤੋ ਹੋ ?

ਮੈਂ—ਅੰਦਰ ਹੀ ਆ ਕੇ ਪੁਛੋ, ਦੂਰੋਂ ਖੜੇ ਕੀ ਪੁਛਦੇ ਹੋ ? ਪਰ ਅੰਦਰਲੇ ਭੀੜੇ ਜਿਹੇ ਵੇਹੜੇ ਵਿਚ ਕੜਕਦੀ ਧੁੱਪ ਪੈਂਦੀ ਸੀ। ਓਹ ਬਾਹਰ ਕੰਧਾਂ ਦੀ ਛਾਵੇਂ ਖੜੋਤੇ ਸਨ। ਕੜਕਦੀ ਧੁੱਪ ਵਿਚ ਵੇਹੜੇ ਅੰਦਰ ਆ ਕੇ ਖੜੋਣ ਦਾ ਉਨ੍ਹਾਂ ਦਾ ਹੀਆ ਨਾ ਪਵੇ। ਸੁਪ੍ਰੰਟੈਂਡੈਂਟ ਨੇ ਇਹ ਔਕੜ ਸਮਝ ਕੇ ਮੇਰੇ ਜੰਗਲੇ ਦਾ ਜਿੰਦਰਾ ਖੁਲ੍ਹਵਾ ਦਿਤਾ ਅਤੇ ਮੈਨੂੰ ਅੰਦਰੋਂ ਬਾਹਰਵਾਰ ਉਨ੍ਹਾਂ ਛਾਵੇਂ ਖੜੋਤਿਆਂ ਪਾਸ ਲੈ ਗਏ। ਉਨ੍ਹਾਂ ਪਾਸ ਜਾਣ ਸਾਰ ਮੈਂ ਹੱਸ ਵਿਗੱਸ ਕੇ ਆਖਿਆ, "ਤੁਸੀਂ ਤਾਂ ਛਿਨ ਮਾਤਰ ਯਾ ਕੁਝ ਮਿੰਟਾਂ ਲਈ ਵੇਹੜੇ ਦੇ ਅੰਦਰ ਵੜਨੋਂ ਸੰਕੋਚਦੇ ਹੋ, ਅਸੀਂ ਵਰ੍ਹਿਆਂ ਬੱਧੀ

ਹੀ ਗੁਜ਼ਰਾਨ ਕੀਤੀ ਹੈ।" ਪਾਦਰੀ ਸਾਹਿਬ ਮੇਰੇ ਚੇਹਰੇ ਵਲ ਦੇਖ ਕੇ, ਫੇਰ ਉਨ੍ਹਾਂ ਸਭਨਾਂ ਵਿਜ਼ੀਟਰਾਂ ਤੇ ਸੁਪ੍ਰੰਟੈਂਡੈਂਟ ਵਲ ਮੁਖ਼ਾਤਬ ਹੋ ਕੇ ਇਉਂ ਅੰਗਰੇਜ਼ੀ ਵਿਚ ਅਖਾਣ ਲਗੇ, ਚੇਹਰਾ ਤਾਂ ਇਸ ਦਾ ਬੜਾ ਵਿਗਸਣਾ ਚਮਕਣਾ (Fragrant flourishing) ਹੈ। ਬਥੇਰੇ ਪੁਲੀਟੀਕਲ ਕੈਦੀ ਹੁਣ ਤਾਈਂ ਮੈਂ ਡਿਠੇ ਹਨ, ਪਰ ਇਹ ਖ਼ਾਸ ਅਨੂਠੜਾ ਦ੍ਰਿਸ਼ਯ ਹੈ। ਫੇਰ ਮੇਰੇ ਵਲ ਮੁਖ਼ਾਤਬ ਹੋ ਕੇ ਆਖਣ ਲਗੇ—ਖ਼ੂਬ ਖ਼ੁਸ਼ ਹੋ! ਬਹੁਤ ਤਕੜੇ ਹੋ?

ਮੈਂ—ਸਤਿਗੁਰੂ ਦੀ ਕਿਰਪਾ ਹੈ।

ਇਸ ਵਕਫ਼ੇ ਵਿਚ ਸੁਪ੍ਰੰਟੈਂਡੈਂਟ ਨੇ ਪਾਦਰੀ ਸਾਹਿਬ ਨੂੰ ਸੁਝਾਇਆ ਕਿ ਇਹ ਅੰਗਰੇਜ਼ੀ ਭੀ ਜਾਣਦਾ ਹੈ, ਪਰ ਮੈਂ ਵਿਚੋਂ ਹੀ ਬੋਲ ਉਠਿਆ ਕਿ ਮੈਂ ਆਪਣੀ ਬੋਲੀ ਵਿਚ ਹੀ ਗੱਲਬਾਤ ਕਰਨ ਨੂੰ ਵਿਸ਼ੇਸ਼ਤਾ ਦਿੰਦਾ ਹਾਂ। ਇਸ ਪਰ ਉਨ੍ਹਾਂ ਗਹੁ ਕੀਤਾ ਯਾ ਨਾ ਕੀਤਾ, ਪਰ ਤਦ ਪਸਚਾਤ ਉਹ ਅੱਧ-ਪਚੱਧੀ ਘਰੜ ਬੋਲੀ ਹੀ ਬੋਲਦੇ ਰਹੇ। ਕਦੇ ਅੰਗਰੇਜ਼ੀ, ਕਦੇ ਹਿੰਦੀ, ਕਦੇ ਰਲੀ ਮਿਲੀ, ਪਰ ਮੈਂ ਤਾਂ ਨਿਰੋਲ ਆਪਣੀ ਬੋਲੀ ਵਿਚ ਹੀ ਉਤਰ ਦਿੰਦਾ ਰਿਹਾ। ਫੇਰ ਇਸ ਬਿਧ ਪਾਦਰੀ ਸਾਹਿਬ ਨੇ ਪ੍ਰਸ਼ਨ ਕਰਨੇ ਅਰੰਭੇ—

ਪਾ: ਸਾ:—ਇਸ ਕੋਠੀ ਵਿਚ ਕਿਤਨੇ ਚਿਰ ਤੋਂ ਰਹਿੰਦੇ ਹੋ?

ਮੈਂ—ਲਗ ਪਗ ਨਾਗਪੁਰ ਜੇਲ੍ਹ ਨਿਵਾਸ ਦੇ ਸਾਰੇ ਵਰ੍ਹੇ ਹੀ ਏਥੇ ਏਸੇ ਕੋਠੜੀ ਵਿਚ ਹੀ ਗੁਜ਼ਾਰੇ ਹਨ। ਕੀ ਹੋ ਗਿਆ ਜੇ ਵਰ੍ਹਾ ਛੇ ਮਹੀਨੇ ਕਿਸੇ ਬਾਰਕ ਵਿਚ ਇਕੱਲੜੇ ਦੁਕੱਲੜੇ ਨੇ ਕਟੇ ਹੋਣ।

ਪਾ: ਸਾ:—ਇਸ ਜੇਲ੍ਹ ਵਿਚ ਆਇਆਂ ਕਿਤਨੇ ਬਰਸ ਹੋ ਗਏ?

ਮੈਂ—ਮੇਰਾ ਹਿਸਟਰੀ ਟਿਕਟ ਹੀ ਵੇਖ ਲਵੋ।

ਹਿਟਰੀ ਟਿਕਟ ਜੇਲ੍ਹਰ (ਗੋਰੇ) ਨੇ ਪਾਦਰੀ ਸਾਹਿਬ ਦੇ ਪੇਸ਼ ਕੀਤਾ ਤਾਂ ਟਿਕਟ ਤੋਂ ਨਾਗਪੁਰ ਜੇਲ੍ਹ ਐਡਮਿਸ਼ਨ ਐਂਟਰੀ ਦੇਖ ਕੇ ਪਾਦਰੀ ਸਾਹਿਬ ਹੰਗੂਰੇ, ਹੂੰ! ੧੯੨੨ ਦੇ ਅਖ਼ੀਰ ਵਿਚ ਇਸ ਜੇਲ੍ਹ ਵਿਖੇ ਆਏ। ਤਕਰੀਬਨ ਆਠ ਸਾਲ ਹੋ ਗਏ। ਫੇਰ ਮੈਨੂੰ ਮੁਖ਼ਾਤਬ ਹੋ ਕੇ ਪ੍ਰਸ਼ਨਣ ਲਗੇ:—

ਪਾ: ਸਾ:—ਦਿਨੇ ਕਿਤਨੇ ਘੰਟੇ ਇਸ ਕੋਠੀ ਵਿਚ ਤੁਹਾਨੂੰ ਰਖਿਆ ਜਾਂਦਾ ਹੈ?

ਮੈਂ—ਦਿਨ ਰਾਤ ਇਸੇ ਕੋਠੀ ਵਿਚ ਰਹਿੰਦਾ ਹਾਂ।

ਪਾ: ਸਾ:—ਬਾਹਰ ਮੈਦਾਨ ਵਿਚ ਟਹਿਲਣ ਅਤੇ ਵਰਜ਼ਿਸ਼ ਕਰਨ ਲਈ ਕਿਤਨੇ ਘੰਟੇ ਮਿਲਦੇ ਹਨ?

ਮੈਂ—ਕੋਈ ਭੀ ਨਹੀਂ, ਬਸ, ਏਸੇ ਕੋਠੜੀ ਦਾ ਵੇਹੜਾ ਮੇਰਾ ਮੈਦਾਨ ਹੈ, ਜੰਗਲੇ ਦਾ ਜਿੰਦਰਾ ਖੋਲ੍ਹ ਕੇ ਵੇਹੜੇ ਵਿਚ ਵਾੜ ਦਿੰਦੇ ਹਨ, ਵੇਹੜੇ ਵਿਚ ਤਾੜ ਕੇ ਬਾਹਰਲਾ ਬੂਹਾ ਮਾਰ ਦਿੰਦੇ ਹਨ, ਮੇਰੀਆਂ ਖਾਣ, ਪੀਣ ਇਸ਼ਨਾਨ ਦੀਆਂ, ਹਾਜਤ ਰਫ਼ਾਈਆਂ ਜਦੋਂ ਇਸ ਵੇਹੜੇ ਵਿਚ ਵੜ ਕੇ ਹੋ ਜਾਂਦੀਆਂ ਹਨ ਤਾਂ ਫੇਰ ਅੰਦਰ ਤਾੜ ਦਿੰਦੇ ਹਨ।

ਪਾ: ਸਾ:—(ਜੇਲ੍ਹ ਕਰਮਚਾਰੀਆਂ ਵਲ ਘੂਰਵੀਂ ਤਾੜਨਾ ਸਹਿਤ ਮੁਖ਼ਾਤਬ ਹੋ ਕੇ) ਐਸਾ ਕਿਉਂ ਕੀਤਾ ਜਾਂਦਾ ਹੈ?

ਜੇਲ੍ਹਰ—ਪੰਜਾਬ ਗੌਰਮਿੰਟ ਵਲੋਂ ਹੀ ਇਹ ਸਖ਼ਤ ਤੰਬੀਹੀ ਹਦਾਇਤ ਹੈ ਕਿ ਏਹਨਾਂ ਨੂੰ ਆਮ ਕੈਦੀਆਂ ਵਿਚ ਰਲਣ ਮਿਲਣ ਨਹੀਂ ਦੇਣਾ, ਸਭ ਤੋਂ ਅਲਹਿਦਾ ਹੀ ਰਖਣਾ ਹੈ। ਐਥੋਂ ਤਕ ਕਿ ਜੇਲ੍ਹ ਅਫ਼ਸਰ ਭੀ ਕੋਈ ਇਕੱਲਾ ਇਸ ਪਾਸੇ ਆ ਜਾ ਨਹੀਂ ਸਕਦਾ। ਬਾਹਰ ਖੁੱਲ੍ਹਾ ਕਢਣ ਫੇਰਨ ਵਿਚ ਸਾਨੂੰ ਤਾਂ ਉਜ਼ਰ ਨਹੀਂ, ਪਰ ਅਸੀਂ ਤਾਂ ਹੁਕਮ ਦੀ ਤਾਮੀਲ ਹੀ ਕਰਦੇ ਹਾਂ।

ਪਾ: ਸਾ:—(ਫੇਰ ਮੈਨੂੰ ਮੁਖ਼ਾਤਬ ਹੋ ਕੇ) ਕੋਈ ਅਖ਼ਬਾਰ ਪੜ੍ਹਨ ਨੂੰ ਮਿਲਦਾ ਹੈ?

ਮੈਂ—ਹਰਗਿਜ਼ ਨਹੀਂ, ਹਾਲਾਂਕਿ ਆਈ. ਜੀ. ਸਾਹਿਬ ਨੇ ਮਨਜ਼ੂਰੀ ਦਿੱਤੀ ਹੋਈ ਹੈ।

ਪਾ: ਸਾ:—(ਜੇਲ੍ਹ ਵਾਲਿਆਂ ਵਲ ਤਕ ਕੇ) ਜਦ ਮਨਜ਼ੂਰੀ ਹੋ ਗਈ ਹੈ ਤਾਂ ਫੇਰ ਤੁਸੀਂ ਤਾਮੀਲ ਕਿਉਂ ਨਹੀਂ ਕੀਤੀ?

ਸੁਪ੍ਰੰ:—ਕੋਈ ਕਾਨਫ਼ੀਡੈਨਸ਼ਲ (ਗੁਪਤ) ਕਾਰਨ ਹਨ।

ਪਾ: ਸਾ:—(ਮੈਨੂੰ) ਕੋਈ ਪੁਸਤਕ ਪੜ੍ਹਨ ਨੂੰ ਮਿਲਦੀ ਹੈ?

ਮੈਂ—ਕੋਈ ਨਹੀਂ, ਸਗੋਂ ਮੇਰੀਆਂ ਨਿਜ ਦੀਆਂ ਧਾਰਮਿਕ ਪੁਸਤਕਾਂ ਭੀ ਜ਼ਬਤ ਕਰ ਲਈਆਂ ਹੋਈਆਂ ਹਨ, ਮੇਰਾ ਹਿਸਟਰੀ ਟਿਕਟ ਪੜ੍ਹ ਕੇ ਦੇਖੀਏ ।

ਪਾ: ਸਾ:—ਰਾਤ ਕੋਠੀ ਵਿਚ ਸੌਂਦੇ ਹੋ ਕਿ ਵੇਹੜੇ ਵਿਚ ?

ਮੈਂ—(ਹੱਸ ਕੇ) ਇਨ੍ਹਾਂ ਤੋਂ ਹੀ ਪੁਛੋ ।

ਜੇਲ੍ਹ ਵਾਲੇ—(ਯਕ-ਜ਼ਬਾਨ ਹੋ ਕੇ) ਰਾਤ ਨੂੰ ਬਾਹਰ ਵੇਹੜੇ ਵਿਚ ਕਿਸੇ ਭੀ ਪੁਲੀਟੀਕਲ ਜਾਂ ਇਖ਼ਲਾਕੀ ਕੈਦੀ ਨੂੰ ਸੌਣ ਦਾ ਹੁਕਮ ਨਹੀਂ ।

ਪਾ: ਸਾ:—(ਫੇਰ ਮੇਰੀ ਵਲ ਭੌਂ ਕੇ) ਇਸ ਕੋਠੀ ਵਿਚ ਰਾਤ ਨੂੰ ਇਕੱਲੇ ਹੀ ਰਹਿੰਦੇ ਹੋ ?

ਮੈਂ—ਬਿਲਕੁਲ ਨਹੀਂ, ਮੈਂ ਇਕ ਛਿਨ ਭੀ ਇਕੱਲਾ ਨਹੀਂ ਰਹਿੰਦਾ ।

ਸੁਪ੍ਰਿੰਟੈਂਡੈਂਟ ਤੇ ਜੇਲ੍ਹਰ—(ਦੋਨੋਂ ਭੁੜਕ ਕੇ) ਇਹ ਗੱਲ ਏਸ ਨੇ ਬਿਲਕੁਲ ਝੂਠੀ ਕਹੀ ਹੈ । ਇਹ ਇਕੱਲਾ ਹੀ ਕੋਠੀ ਵਿਚ ਰਹਿੰਦਾ ਹੈ ।

ਮੈਂ—ਇਹ ਦੋਈਂ ਝੂਠੇ ਹਨ । ਮੈਂ ਕਦੀ ਭੀ ਇਕੱਲਾ ਨਹੀਂ ਰਹਿੰਦਾ, ਨਾ ਹੀ ਅਜ ਤਾਈਂ ਕਦੇ ਰਿਹਾ ਹਾਂ ।

ਪਾ: ਸਾ:—(ਉਹਨਾਂ ਵਲ ਝਾਕ ਕੇ) ਕਿਉਂ ਸਾਹਿਬ, ਇਹ ਕੀ ਗੱਲ ਹੈ, ਤੁਸੀਂ ਕਿਉਂ ਐਸਾ ਕਹਿੰਦੇ ਹੋ ?

ਜੇਲ੍ਹ ਵਾਲੇ—ਸਾਹਿਬ, ਜੇਲ੍ਹ-ਰੂਲਾਂ ਅਨੁਸਾਰ ਕਿਸੇ ਕੋਠੀ ਵਿਚ ਰਾਤ ਨੂੰ ਇਕ ਤੋਂ ਵਧ ਕੈਦੀ ਬੰਦ ਨਹੀਂ ਕਰ ਸਕਦੇ । ਇਕ ਕੋਠੀ ਵਿਚ ਤਾਂ ਦੋ ਕੈਦੀ ਰਖਣ ਦਾ ਹੁਕਮ ਨਹੀਂ । ਅਸੀਂ ਆਪ ਨੂੰ ਜੇਲ੍ਹ ਦੇ ਰੂਲ ਰੈਗੂਲੇਸ਼ਨ ਦਿਖਾ ਸਕਦੇ ਹਾਂ । ਇਸ ਗੱਲ ਵਿਚ ਅਸੀਂ ਸੱਚੇ ਹਾਂ ਅਤੇ ਇਹ ਝੂਠਾ ਹੈ ।

ਮੈਂ—(ਹੋਰ ਗੰਭੀਰ ਹੋ ਕੇ) ਮੈਂ ਸੱਚਾ ਹਾਂ, ਇਹ ਝੂਠੇ ਹਨ । ਗੁਰੂ ਦੇ ਸਿਖ ਨੂੰ ਝੂਠ ਬੋਲਣ ਦਾ ਹੁਕਮ ਨਹੀਂ ।

ਪਾ: ਸਾ:—(ਸਾਰਿਆਂ ਵਲ ਮੁਖ਼ਾਤਬ ਹੋ ਕੇ) ਇਹ ਝਮੇਲਾ ਕਿਵੇਂ ਹਲ ਹੋਵੇ ! ਜ਼ਿਮੇਵਾਰ ਜੇਲ੍ਹ ਅਫਸਰਾਂ ਦੀ ਕਥਨੀ ਝੂਠੀ ਨਹੀਂ ਗਰਦਾਨੀ

ਜਾ ਸਕਦੀ ਅਤੇ ਏਸ ਸਿਖ ਦੇ ਕਥਨ ਨੂੰ ਭੀ ਮੇਰੀ ਜ਼ਮੀਰ ਝੂਠਾ ਨਹੀਂ ਗੁਮਾਨ ਕਰ ਸਕਦੀ। ਜਿਸ ਸ਼ਖ਼ਸ ਨੂੰ ਦਿਲ-ਬਹਲਾਵੇ ਲਈ ਕੋਈ ਪੁਸਤਕ ਨਹੀਂ ਮਿਲਦੀ, ਕੋਈ ਅਖ਼ਬਾਰ ਨਹੀਂ ਮਿਲਦਾ, ਕਿਸੇ ਨਾਲ ਮੇਲ ਜੋਲ ਅਤੇ ਗੱਲ ਬਾਤ ਕਰਨ ਦਾ ਅਵਸਰ ਨਹੀਂ ਮਿਲਦਾ, ਓਹ ਏਹਦੇ ਵਰਗੀ ਜੀਉਣੀ ਜੀਉ ਕੇ ਜ਼ਿੰਦਾ ਨਹੀਂ ਰਹਿ ਸਕਦਾ। ਦੇਖੋ, ਇਸ ਦਾ ਚਿਹਰਾ ਕੈਸਾ ਬਸ਼ਾਸ਼ ਹੈ। ਇਸ ਦੇ ਚਿਹਰੇ ਉਤੇ ਕੋਈ ਮਲਾਲ ਨਹੀਂ, ਸਗੋਂ ਜਲਾਲ ਹੀ ਜਲਾਲ ਹੈ। ਤੰਗ ਤਾਰੀਕ ਕੋਠੜੀ ਵਿਚ ਸਾਲਾਂ ਬੱਧੀ ਇਕੱਲਾ ਬੰਦ ਰਹਿ ਕੇ ਕਿਸੇ ਬੰਦੇ ਬਸ਼ਰ ਦੇ ਚਿਹਰੇ ਉਤੇ ਇਹ ਸੁਰਜੀਤਨੀ ਨਹੀਂ ਰਹਿ ਸਕਦੀ, ਤਾਂਤੇ ਮੈਂ ਇਸ ਦੇ ਕਥਨ ਨੂੰ ਝੂਠਾ ਨਹੀਂ ਅਨਮਾਨ ਕਰ ਸਕਦਾ। ਇਹ ਘੁੰਡੀ ਕਿਵੇਂ ਖੁਲ੍ਹੇ! (ਦੋ ਚਾਰ ਮਿੰਟ ਹੈਰਾਨੀ ਵਿਚ ਚੁਪ ਕੀਤਾ ਖੜੋਤਾ ਰਿਹਾ। ਹੋਰ ਵੀ ਕੋਈ ਨਾ ਕੁਸਕੇ) ਓੜਕ ਰਹਿ ਰਹਿ ਕੇ ਫੇਰ ਮੈਨੂੰ ਪੁਛਣ ਲੱਗਾ :—

ਪਾ: ਸਾ:—ਮੈਂ ਤੁਹਾਡੇ ਕਥਨ ਨੂੰ ਭੀ ਝੂਠਾ ਨਹੀਂ ਸਮਝ ਸਕਦਾ ਅਤੇ ਏਹਨਾਂ ਜ਼ਿੰਮੇਵਾਰ ਜੇਲ੍ਹ-ਅਫ਼ਸਰਾਂ ਦੇ ਬਿਆਨ ਨੂੰ ਭੀ ਝੂਠਾ ਨਹੀਂ ਗਰਦਾਨ ਸਕਦਾ। ਤੁਸੀਂ ਹੀ ਭੇਦ ਨੂੰ ਨਿਖਾਰ ਕੇ ਖੋਲ੍ਹੋ ਕਿ ਤੁਸੀਂ ਇਕੱਲੇ ਨਹੀਂ ਰਹਿੰਦੇ ਤਾਂ ਹੋਰ ਤੁਹਾਡੇ ਪਾਸ ਕੌਣ ਰਹਿੰਦਾ ਹੈ?

ਪਾਦਰੀ ਸਾਹਿਬ ਦਾ ਇਹ ਪ੍ਰਸ਼ਨ ਸੁਣ ਕੇ ਦਾਸ ਦੀ ਬਿਰਤੀ ਵਜਦ ਵਿਚ ਆ ਗਈ। ਇਕ ਅਗੰਮੀ ਸਰੂਰ ਭਰਿਆ ਸਰੋਦ ਉਠਿਆ ਅਤੇ ਬੇਵਸ ਹੋ ਕੇ ਇਕ ਦਿਲ-ਚੀਰਵੀਂ ਅਤੇ ਗੂੰਜਵੀਂ ਗੁੰਜਾਰ ਵਿਚ ਇਸ ਗੁਰ-ਸ਼ਬਦ ਦਾ ਕੀਰਤਨ ਮੂੰ ਮੁਖਾਰ ਚੋਂ ਗੂੰਜ ਨਿਕਲਿਆ—"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ" :—

ਆਸਾ ਘਰ ੭ ਮਹਲਾ ੫

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗਿ ਸਾਥੀ ਸਗਲ ਤਰਾਂਈ ॥੧॥ ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ਰਹਾਉ॥ ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥

ਇਕ ਸਕਤੇ ਦਾ ਆਲਮ ਛਾ ਗਿਆ । ਸਾਰੇ ਖੜੇ ਖੜੋਤੇ ਬੁੱਤ ਬਣ ਗਏ, ਮਾਨੋ ਮਾਨੁਸ ਦੇਹ ਕਲਬੂਤੀ ਮੂਰਤੀਆਂ ਹਨ । ਸ਼ਬਦ ਦੀ ਇਕ ਇਕ ਤੁਕ ਦੇ ਕੀਰਤਨ ਪਸਚਾਤ ਮੁੜ ਮੁੜ ਉਪਰ ਲਿਖੀ 'ਰਹਾਉ' ਵਾਲੀ ਤੁਕ ਕੀਰਤਨ ਹੋ ਕੇ ਭੋਗ ਪਿਆ ਤਾਂ ਕਈ ਮਿੰਟ ਹੋਰ ਸੱਨਾਟਾ ਛਾਇਆ ਰਿਹਾ । ਕੋਈ ਨਾ ਕੂਏ, ਨਾ ਤਕੇ, ਨਾ ਅੱਖ ਝਮਕੇ, ਮਾਨੋ ਸਾਰੇ ਹੀ ਚੁਪ ਚਪੇਣੇ ਸਰੂਰ ਦਾ ਰਸ ਮਾਣ ਰਹੇ ਹਨ । ਓੜਕ ਪਾਦਰੀ ਸਾਹਿਬ ਨੇ ਇਸ ਬਿਧ ਉਚਾਰ ਕੇ ਇਸ ਤਾਰੀ ਹੋਈ ਆਲਮੇ ਸਕੂਤ (ਇਕਾਗਰ ਹੋਏ ਸਮੇਂ) ਨੂੰ ਤੋੜਿਆ ।

ਪਾ: ਸ:—"ਆਹਾ ! ਖ਼ੂਬ ਮੁਇੰਮਾ ਹੱਲ ਹੋਇਆ, ਬਹੁਤ ਖ਼ੂਬ । (ਮੇਰੇ ਵਲ) ਅਛਾ ਹੁਣ ਅਸੀਂ ਸਮਝੇ ਆਪ ਦੀ ਬੁਝਾਰਤ ਨੂੰ, ਆਪ ਦਾ ਗੁਰੂ ਆਪ ਦੇ ਹਰ ਦਮ ਅੰਗ ਸੰਗ ਰਹਿੰਦਾ ਹੈ । ਆਪ ਭੀ ਸੱਚੇ ਅਤੇ ਜੇਲ੍ਹ ਵਾਲੇ ਭੀ ਸੱਚੇ, ਪਰ ਅਸੀਂ ਆਪ ਦੇ ਸੱਚ ਨੂੰ ਹੋਰ ਨਿਤਾਰਨਾ ਚਾਹੁੰਦੇ ਹਾਂ ।" ਇਹ ਕਹਿ ਕੇ ਉਸ ਨੇ ਜੇਲ੍ਹ-ਕਰਮਚਾਰੀਆਂ ਤੋਂ ਲਾਗ ਦੀਆਂ ਕੋਠੀਆਂ ਵਲ ਇਸ਼ਾਰਾ ਕਰ ਕੇ ਪੁੱਛਿਆ:—ਏਨ੍ਹਾਂ ਦੋਹਾਂ ਕੋਠੀਆਂ ਵਿਚ ਕਉਣ ਕਉਣ ਰਹਿੰਦਾ ਹੈ, ਬੁਲਾਓ ਉਨ੍ਹਾਂ ਨੂੰ ?

ਜੇਲ੍ਹ ਵਾਲੇ—ਜਨਾਬ ਪਾਦਰੀ ਸਾਹਿਬ, ਦਿਨੇ ਤਾਂ ਇਹ ਕੋਠੀਆਂ ਖ਼ਾਲੀ ਹੀ ਰਹਿੰਦੀਆਂ ਹਨ, ਏਨ੍ਹਾਂ ਵਿਚ ਕੋਈ ਕੈਦੀ ਨਹੀਂ ਬੰਦ ਕੀਤਾ ਜਾਂਦਾ, ਰਾਤ ਨੂੰ ਬੰਦ ਕੀਤੇ ਜਾਂਦੇ ਹਨ ।

ਪਾ: ਸਾ:—ਰਾਤ ਨੂੰ ਕਿਉਂ ਬੰਦ ਹੁੰਦੇ ਹਨ ? ਕਉਣ ਬੰਦ ਹੁੰਦੇ ਹਨ ? ਕੋਈ ਖ਼ਾਸ ਸਜ਼ਾ ਵਾਲੇ, ਯਾ ਜਿਸਨੂੰ ਮੁਨਾਸਿਬ ਸਮਝੋ ?

ਜੇਲ੍ਹ ਵਾਲੇ—ਨਹੀਂ ਹਜ਼ੂਰ ! ਜਿਨ੍ਹਾਂ ਕੈਦੀਆਂ ਨੂੰ ਜੇਲ੍ਹ ਵਲੋਂ ਯਾ ਮੈਜਿਸਟ੍ਰੇਟ ਵਲੋਂ ਕੋਠੀਬੰਦ ਦੀ ਸਜ਼ਾ ਹੁੰਦੀ ਹੈ, ਉਹ ਤਾਂ ਦਿਨੇ ਭੀ ਬੰਦ ਰਹਿੰਦੇ ਹਨ ।

ਪਾ: ਸਾ:—ਇਹ ਦਿਨ ਰਾਤ ਇਕੱਲੀ ਬੰਦਸ਼ (Solitary Confinement) ਦੀ ਸਜ਼ਾ ਵਧ ਤੋਂ ਵਧ ਇਕ ਸੂਬੇ ਦੇ ਜੇਲ੍ਹਾਂ ਦੀ ਕਿਹੜੀ ਦਫ਼ਾ ਅਨੁਸਾਰ ਅਤੇ ਕਿਤਨੇ ਦਿਨ ਤਾਈਂ ਦਿਤੀ ਜਾਂਦੀ ਹੈ ?

ਜੇਲ੍ਹਰ—ਵਧ ਤੋਂ ਵਧ ਇਕ ਮਹੀਨਾ।

ਪਾ: ਸਾ:—ਅਛਾ, ਕੋਈ ਐਸੇ ਕੈਦੀ ਭੀ ਹੁੰਦੇ ਹਨ ਜਿਨ੍ਹਾਂ ਨੂੰ ਸਿਰਫ਼ ਰਾਤ ਨੂੰ ਹੀ ਬੰਦ ਰਹਿਣ ਦੀ ਸਜ਼ਾ ਹੁੰਦੀ ਹੈ ਅਤੇ ਦਿਨੇ ਖੁਲ੍ਹੇ ਰਖੇ ਜਾਂਦੇ ਹਨ ?

ਜੇਲ੍ਹਰ—ਨਹੀਂ ਹਜ਼ੂਰ ! ਵੈਸੇ ਤਾਂ ਕੋਈ ਨਹੀਂ।

ਪਾ: ਸਾ:—ਫੇਰ ਏਨ੍ਹਾਂ ਦੋਹਾਂ ਲਾਗਲੀਆਂ ਕੋਠੀਆਂ ਵਿਚ ਜੋ ਕੈਦੀ ਰਾਤ ਨੂੰ ਬੰਦ ਰਹਿੰਦੇ ਹਨ, ਕਿਸ ਸਜ਼ਾ ਕਰਕੇ ਬੰਦ ਰਹਿੰਦੇ ਹਨ ?

ਜੇਲ੍ਹਰ—ਹਜ਼ੂਰ ! ਸਜ਼ਾ ਤਾਂ ਕੋਈ ਨਹੀਂ, ਚੂੰਕਿ ਜੇਲ੍ਹ ਰੂਲ ਅਨੁਸਾਰ ਰਾਤ ਨੂੰ ਕੋਈ ਭੀ ਕੋਠੀ ਖ਼ਾਲੀ ਨਹੀਂ ਰੱਖੀ ਜਾ ਸਕਦੀ, ਲਾਜ਼ਮੀ ਤੌਰ ਤੇ ਉਸ ਦੇ ਅੰਦਰ ਕੋਈ ਨਾ ਕੋਈ ਕੈਦੀ ਰਾਤ ਨੂੰ ਬੰਦ ਰੱਖਣਾ ਹੀ ਪੈਂਦਾ ਹੈ। ਸੋ ਅਸੀਂ ਵਾਰੀ ਅਨੁਸਾਰ ਹਰੇਕ ਰਾਤ ਬਦਲਵੇਂ ਕੈਦੀ ਇਕ ਇਕ ਕਰਕੇ ਏਨ੍ਹਾਂ ਕੋਠੀਆਂ ਵਿਚ ਬੰਦ ਕਰਦੇ ਰਹਿੰਦੇ ਹਾਂ।

ਪਾ: ਸਾ:—ਹਰ ਰਾਤ ਨੂੰ ਬਦਲੀ ਕਿਉਂ ਕਰਦੇ ਹੋ ? ਇਕੋ ਕੈਦੀ ਨੂੰ ਕਿਉਂ ਨਹੀਂ ਹਰ ਰੋਜ਼ ਬੰਦ ਕਰਦੇ ?

ਜੇਲ੍ਹਰ—ਜਬਰਨ ਕਿਸੇ ਕੈਦੀ ਨੂੰ ਬਹੁਤੀਆਂ ਰਾਤਾਂ ਲਈ ਕੋਠੀ ਅੰਦਰ ਬੰਦ ਨਹੀਂ ਰਖਦੇ । ਇਕ ਅੱਧੀ ਰਾਤ ਲਈ ਤਾਂ ਸਾਰੇ ਖ਼ੁਸ਼ੀ ਖ਼ੁਸ਼ੀ ਬੰਦ ਆ ਹੁੰਦੇ ਹਨ।

ਮੈਂ—ਖ਼ੁਸ਼ੀ ਖ਼ੁਸ਼ੀ ਤਾਂ ਕੋਈ ਕੈਦੀ ਇਕ ਰਾਤ ਭੀ ਕੋਠੀ ਬੰਦ ਨਹੀਂ ਹੋਣਾ ਚਾਹੁੰਦਾ। ਜ਼ਰਾ ਏਨ੍ਹਾਂ ਕੋਠੀਆਂ ਵਿਚ ਇਕ ਰਾਤ ਲਈ ਬੰਦ ਰਹਿ ਚੁਕੇ ਕੈਦੀਆਂ ਨੂੰ ਤਾਂ ਪੁਛ ਕੇ ਦੇਖੋ ਕਿ ਕੀ ਅਗੇ ਨੂੰ ਉਹ ਖ਼ੁਸ਼ੀ ਖ਼ੁਸ਼ੀ ਬੰਦ ਹੋਣ ਨੂੰ ਤਿਆਰ ਹਨ ਕਿ ਨਹੀਂ ?

ਇਸ ਪਰ ਪਾਦਰੀ ਸਾਹਿਬ ਨੇ ਕੋਠੀਆਂ ਦਾ ਗੋਸ਼ਵਾਰਾ ਮੰਗਵਾਇਆ, ਸਚ ਮੁਚ ਜਦ ਦੇਖਿਆ ਤਾਂ ਇਕ ਕੋਠੀ ਅੰਦਰ ਇਕ ਰਾਤ ਤੋਂ ਵਧ ਕਿਸੇ ਇਕ ਕੈਦੀ ਦੀ ਹਾਜ਼ਰੀ ਲਿਖੀ ਹੋਈ ਨ ਮਿਲੀ। ਖ਼ੈਰ, ਉਸ ਨੇ ਪਿਛਲੇ ਹਫ਼ਤੇ ਦੀ ਹਾਜ਼ਰ ਬਾਸ਼ ਬੰਦੀ ਦੇ ਪੰਜ ਸਤ ਕੈਦੀ ਆਪਣੇ ਸਾਮ੍ਹਣੇ ਪੇਸ਼ ਕਰਾਏ ਅਤੇ ਇਕੱਲੇ ਇਕੱਲੇ ਨੂੰ ਅੱਡੋ ਅੱਡੀ ਪੁਛਿਆ, "ਰਾਤ

ਨੂੰ ਤੁਹਾਡੀ ਕੋਠੀ ਅੰਦਰ ਕੇਸੀ ਗੁਜ਼ਰਦੀ ਹੈ ? ਇਕ ਰਾਤ ਕੋਠੀ ਅੰਦਰ ਰਹਿ ਕੇ ਤੁਸੀਂ ਦੂਜੀ ਰਾਤ ਬੰਦ ਹੋਣਾ ਕਿਉਂ ਪ੍ਰਸੰਦ ਨਹੀਂ ਕਰਦੇ ?" ਸਾਰਿਆਂ ਨੇ ਵਾਰੋ ਵਾਰੀ ਦੁਹਾਈ ਪਾ ਪਾ ਕੇ ਬਿਆਨ ਦਿਤੇ : "ਹਜ਼ੂਰ ! ਦੁਹਾਈ ਹੈ, ਕੋਠੀ ਵਿਚ ਬੰਦ ਰਹਿਣਾ ਬਹੁਤ ਔਖਾ ਹੈ । ਅਸੀਂ ਤਾਂ ਮਸਾਂ ਇਕ ਰਾਤ ਕਟਦੇ ਹਾਂ । ਖਿਨ ਖਿਨ ਪਲ ਪਲ ਹੌਲ ਉਠਦੇ ਰਹਿੰਦੇ ਹਨ । ਇਕੱਲ ਦੀ ਹੌਲ-ਦਿਲੀ ਇਕ ਪਲ ਭੀ ਚੈਨ ਨਹੀਂ ਲੈਣ ਦਿੰਦੀ।"

ਇਸ ਬਿਧ ਸਭ ਹਾਲ ਹਕੀਕਤ ਕੈਦੀਆਂ ਦੀ ਮੂੰਹ-ਜ਼ਬਾਨੀ ਦਰਿਆਫ਼ਤ ਕਰ ਕੇ ਪਾਦਰੀ ਸਾਹਿਬ ਨੇ ਆਪਣੇ ਮਨ ਵਿਚ ਠਾਣ ਲਈ ਕਿ ਇਸ ਕੋਠੀ ਅੰਦਰ ਇਕ ਰਾਤ ਬੰਦ ਰਹਿ ਕੇ ਖ਼ੁਦ ਤਜਰਬਾ ਕਰਨਾ ਹੈ। ਸੋ ਪਾਦਰੀ ਸਾਹਿਬ ਨੇ ਜੇਲ੍ਹ-ਕਰਮਚਾਰੀਆਂ ਤੋਂ ਪੁਛਿਆ ਕਿ ਮੈਂ ਇਕ ਰਾਤ ਜ਼ਰੂਰ ਏਨ੍ਹਾਂ ਕੋਠੀਆਂ ਵਿਚੋਂ ਇਕ ਕੋਠੀ ਵਿਚ ਖ਼ੁਦ ਬੰਦ ਰਹਿ ਕੇ ਦੇਖਣਾ ਚਾਹੁੰਦਾ ਹਾਂ ।

ਜੇਲ੍ਹ ਵਾਲੇ–ਹਜ਼ੂਰ ! ਐਸਾ ਕੈਸੇ ਹੋ ਸਕਤਾ ਹੈ । ਆਪ ਨੂੰ ਸਰਕਾਰੀ ਹੁਕਮ ਤੋਂ ਬਿਨਾਂ ਅਸੀਂ ਕੈਸੇ ਬੰਦ ਕਰ ਸਕਦੇ ਹਾਂ ।

ਪਾ: ਸਾ:–ਮੈਂ ਖ਼ੁਦ ਆਪਣੀ ਖ਼ੁਸ਼ੀ ਅਤੇ ਰਜ਼ਾਮੰਦੀ ਨਾਲ ਤਜਰਬੇ ਵਜੋਂ ਸਿਰਫ਼ ਇਕ ਰਾਤ ਹੀ ਬੰਦ ਰਹਾਂਗਾ ।

ਜੇਲ੍ਹ ਵਾਲਿਆਂ ਨੇ ਪਾਦਰੀ ਸਾਹਿਬ ਦਾ ਨਾ ਟਲਣ ਵਾਲਾ ਦ੍ਰਿੜ੍ਹ ਇਰਾਦਾ ਦੇਖ ਕੇ ਸਿਰਫ਼ ਇਤਨਾ ਹੀ ਮੰਨਿਆ ਕਿ ਰਾਤ ਨੂੰ ਤਾਂ ਕਿਸੇ ਸੂਰਤ ਵਿਚ ਭੀ ਐਸਾ ਨਹੀਂ ਹੋ ਸਕਦਾ। ਹਾਂ ਤਜਰਬੇ ਵਜੋਂ ਇਕ ਅੱਧ ਘੰਟੇ ਲਈ ਆਪ ਦਿਨ ਦੇ ਸਮੇਂ ਬੰਦ ਰਹਿ ਕੇ ਦੇਖ ਸਕਦੇ ਹੋ ।

ਪਾ: ਸਾ:–ਅਛਾ ਏਵੇਂ ਹੀ ਸਹੀ, ਘਟ ਤੋਂ ਘਟ ਤੀਨ ਘੰਟੇ ਜ਼ਰੂਰ ਅੰਦਰ ਬੰਦ ਹੋ ਕਰ ਹਮ ਦੇਖੇਗਾ । ਜੇਲ੍ਹ ਵਾਲੇ ਬੜੇ ਘਬਰਾਏ, ਇਕ ਦੂਜੇ ਦੇ ਮੂੰਹ ਵਲ ਤੱਕਣ। ਮੈਂ ਬੋਲਿਆ:–ਘਬਰਾਉਂਦੇ ਕਿਉਂ ਹੋ, ਦੇਖ ਤਾਂ ਲੈਣ ਦਿਓ । ਪਾਦਰੀ ਸਾਹਿਬ ਤੋਂ ਤਾਂ ਇਕ ਘੰਟਾ ਭੀ ਨਹੀਂ ਕਟ ਹੋਣਾ, ਮਸਾਂ ਅੰਦਰ ਅੱਧਾ ਘੰਟਾ ਭੀ ਨਹੀਂ ਕਟਣਗੇ। ਤੁਹਾਡਾ ਕੀ ਖ਼ਰਚ ਹੁੰਦਾ ਹੈ, ਏਨ੍ਹਾਂ ਨੂੰ ਤਜਰਬਾ ਕਰ ਲੈਣ ਦੇਵੋ।

ਪਾ: ਸਾ:—ਹਾਂ, ਜ਼ਰੂਰ ! ਜ਼ਰੂਰ !! ਤਜਰਬਾ ਕਰ ਕੇ ਦੇਖੇਗਾ।

ਗੱਲ ਕੀ, ਪਾਦਰੀ ਸਾਹਿਬ ਤਿਆਰ ਹੋ ਗਏ। ਮੈਂ ਹੱਸ ਕੇ ਆਖਿਆ, 'ਸੁਆਦ ਤਾਂ ਤਾਈਓਂ ਆਉਂਦਾ ਜੇ ਆਪ ਕੈਦੀਆਂ ਵਾਲਾ ਵੇਸ ਧਾਰ ਕੇ ਹੀ ਅੰਦਰ ਵੜਦੇ, ਪਰ ਏਤਨਾ ਏਨ੍ਹਾਂ (ਜੇਲ੍ਹ ਅਫ਼ਸਰਾਂ) ਨੇ ਕਰਨ ਨਹੀਂ ਦੇਣਾ।' ਝਟ ਹੀ ਫ਼ੈਸਲਾ ਹੋ ਗਿਆ ਕਿ ਮੇਰੇ ਲਾਗੇ ਹੀ ਤੀਜੀ ਕੋਠੀ ਵਿਚ ਪਾਦਰੀ ਸਾਹਿਬ ਬੰਦ ਹੋ ਕੇ ਤਿੰਨ ਘੰਟੇ ਰਹਿਣਗੇ। ਪਾਦਰੀ ਸਾਹਿਬ ਬੰਦ ਹੋਣ ਲਈ ਕੋਠੀ ਵਿਚ ਵੜਨ ਹੀ ਲਗੇ ਸਨ ਕਿ ਮੈਂ ਇਕ ਗੱਲ ਉਹਨਾਂ ਦੇ ਕੰਨ ਵਿਚ ਆਖੀ ਕਿ ਕੋਠੀ ਦੇ ਅੰਦਰਵਾਰ ਇਕ ਲੋਹੇ ਦੀ ਤਾਰ ਕੰਧ ਵਿਚਦੀ ਬਾਹਰਵਾਰ ਨੂੰ ਨਿਕਲਵੀਂ ਲਟਕਵੀਂ ਦਿਸਦੀ ਹੈ, ਉਸ ਦੇ ਬਾਹਰਲੇ ਸਿਰੇ ਨੂੰ ਘੰਟੀ ਬੰਨ੍ਹੀ ਹੋਈ ਹੈ, ਜਦੋਂ ਆਪ ਜੀ ਦਾ ਜੀਅ ਉਕਤਾ ਜਾਵੇ ਜਾਂ ਕੋਈ ਤਕਲੀਫ਼ ਪਰਤੀਤ ਕਰੋ ਤਾਂ ਤੁਸੀਂ ਲੋਹੇ ਦੀ ਤਾਰ ਨੂੰ ਖਿਚਣਾ ਤੇ ਉਸ ਦੇ ਛਿੜਣ ਪਰ ਘੰਟੀ ਖੜਕ ਪਏਗੀ ਅਤੇ ਸੈਲ ਬਲਾਕ ਦਾ ਇੰਨਚਾਰਜ ਸਿਪਾਹੀ ਝਟ ਆਪ ਦੇ ਪਾਸ ਹਾਜ਼ਰ ਹੋ ਜਾਵੇਗਾ। ਪਾਦਰੀ ਸਾਹਿਬ ਨੇ ਮੇਰੀ ਇਹ ਗੱਲ ਸੁਣ ਕੇ ਮੇਰਾ ਧੰਨਵਾਦ ਕੀਤਾ ਅਤੇ ਆਪ ਕੋਠੀ ਵਿਚ ਜਾ ਬੰਦ ਹੋਏ ਅਤੇ ਮੈਂ ਭੀ ਕੋਠੀ ਵਿਚ ਬੰਦ ਜਾ ਹੋਇਆ। ਜਿੰਦਰੇ ਲਾ ਕੇ ਸਾਰੇ ਜੇਲ੍ਹ-ਅਫ਼ਸਰ, ਸਿਪਾਹੀ, ਪਹਿਰੇਦਾਰ ਦੂਰ ਹਟ ਗਏ ਅਤੇ ਜੇਲ੍ਹ-ਅਫ਼ਸਰ ਖ਼ਾਸ ਕਰਕੇ (ਆਕਟੇਗਨ ਆਫ਼ਸ) ਗੋਲ ਦੇ ਦਫ਼ਤਰ ਵਿਚ ਜਾ ਬੈਠੇ। ਘੰਟੇ ਦੇ ਅੰਦਰ ਅੰਦਰ ਹੀ ਪਾਦਰੀ ਸਾਹਿਬ ਨੇ ਆਪਣੀ ਕੋਠੀ ਦੀ ਘੰਟੀ ਦਬਾ ਦਬ ਖੜਕਾਉਣੀ ਅਰੰਭ ਦਿਤੀ, ਜਿਸ ਤਰ੍ਹਾਂ ਅੱਗ ਲੱਗੀ ਤੋਂ ਅਲਾਰਮ ਘੰਟੀ ਖੜਕਦੀ ਹੁੰਦੀ ਹੈ। ਗੋਲ ਇੰਨਚਾਰਜ ਅਫ਼ਸਰ ਦੌੜ ਕੇ ਆਇਆ। ਅੰਦਰੋਂ ਪਾਦਰੀ ਸਾਹਿਬ ਵੀ ਜ਼ੋਰ ਜ਼ੋਰ, ਛੇਤੀ ਛੇਤੀ ਅਵਾਜ਼ਾਂ ਮਾਰਨ ਕਿ :—'ਜਲਦੀ ਹਮ ਕੋ ਬਾਹਰ ਨਿਕਾਲੋ, ਜਲਦੀ ਕਰੋ, ਹਮਾਰਾ ਜਾਨ ਨਿਕਲਤਾ ਹੈ।' ਜੇਲ੍ਹ-ਅਫ਼ਸਰ ਨੇ ਜਿੰਦਰਾ ਖੋਲ੍ਹ ਕੇ ਝਟ ਹੀ ਪਾਦਰੀ ਸਾਹਿਬ ਨੂੰ ਬਾਹਰ ਕਢਿਆ। ਪਾਦਰੀ ਸਾਹਿਬ ਡੌਰ ਭੌਰ ਹੋਇਆ ਵਿਆ, ਬਾਹਰ ਆ ਕੇ

ਅਤੇ ਬਾਹਰ ਦੀ ਹਵਾ ਲੈ ਕੇ ਕੁਛ ਸਾਹ ਵਿਚ ਸਾਹ ਆਇਆ ਤਾਂ ਆਖਣ ਲੱਗਾ:—'ਨਿਕਾਲੋ ਉਸ ਗੁਰੂ ਕੇ ਸਿਖ ਕੋ ਕੋਠੀ ਸੇ ਬਾਹਰ, ਹਮਾਰੇ ਪਾਸ ਲਾਓ।'

ਮੈਨੂੰ ਤੁਰਤ ਅੰਦਰੋਂ ਬਾਹਰ ਕਢ ਕੇ ਉਸ ਦੇ ਪਾਸ ਲੈ ਗਏ। ਮੇਰੇ ਕੋਲ ਜਾਣ ਸਾਰ ਮੇਰੇ ਮੋਢੇ ਤੇ ਥਾਪੀਆਂ ਦੇ ਦੇ ਉਸ ਨੇ ਇਉਂ ਆਖਣਾ ਸ਼ੁਰੂ ਕੀਤਾ, ਵਾਹੋ ਦਾਹ ਮੁੜ ਮੁੜ ਆਖੀ ਜਾਵੇ:—

"ਵੈਲ, ਗੁਰੂ ਕੇ ਸਿਖ! ਤੁਮਾਰਾ ਗੁਰੂ ਨਾਨਕ ਸਚ ਮੁਚ ਤੁਮਾਰੇ ਸਾਥ ਰਹਿਤਾ ਹੈ, ਤੁਮਾਰੇ ਪਾਸ ਰਹਿਤਾ ਹੈ। ਹਮਾਰਾ ਈਸਾ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ ਜੈਸੇ ਤੁਮਾਰਾ ਗੁਰੂ ਨਾਨਕ ਤੁਮਾਰੇ ਸਾਥ ਹਰ-ਦਮ ਰਹਿਤਾ ਹੈ। ਸਚ ਮੁਚ ਤੁਮਾਰਾ ਗੁਰੂ ਪਰਤੱਖ ਤੁਮਾਰੇ ਸੰਗ ਸਦਾ ਹੀ ਸਾਥ ਰਹਿਤਾ ਹੈ। ਜ਼ਰਾ ਫੇਰ ਪੜ੍ਹਨਾ ਉਸ ਸ਼ਬਦ ਕੋ, ਜੋ ਪਹਿਲੇ ਗਾਇਆ ਥਾ।" ਦਾਸ ਨੇ ਖ਼ੁਸ਼ੀਆਂ ਵਿਚ ਆ ਕੇ ਹੋਰ ਭੀ ਚੜ੍ਹਦੀ ਕਲਾ ਦੇ ਅਨੂਠੇ ਆਤਮ ਰੰਗ ਵਿਚ ਉਸੇ ਗੁਰ-ਸ਼ਬਦ ਦਾ ਅਲਾਪਨ ਕੀਤਾ, ਗਜ ਗਜ ਲਾਲੀਆਂ ਚੜ੍ਹ ਗਈਆਂ। ਸੁਣ ਕੇ ਪਾਦਰੀ ਸਾਹਿਬ ਕਹਿਣ ਲੱਗੇ ਕਿ ਹੁਣ ਏਸ ਸ਼ਬਦ ਦੀ ਹਕੀਕਤ ਦਾ ਪਤਾ ਲੱਗਾ। ਸਚ ਮੁਚ ਤੇਰੇ ਦਿਲ ਦੀਆਂ ਡੂੰਘਾਈਆਂ ਵਿਚ, ਤੇਰੇ ਰੋਮ ਰੋਮ ਵਿਚ, ਤੇਰੇ ਅੰਤਰ-ਆਤਮੇ ਦੇ ਤਹਿਖ਼ਾਨਿਆਂ ਵਿਚ ਤੇਰਾ ਗੁਰੂ ਸਦਾ ਡੇਰਾ ਲਾਈ ਰਖਦਾ ਹੈ, ਤੈਨੂੰ ਇਕੱਲ ਕਿਵੇਂ ਪਰਤੀਤ ਹੋਵੇ। ਮੈਂ ਪਰਤੱਖ ਅਜ਼ਮਾ ਕੇ ਦੇਖ ਲਿਆ ਹੈ ਕਿ ਇਨ੍ਹਾਂ ਕੋਠੀਆਂ ਦੀਆਂ ਹੋਰ ਤਕਲੀਫ਼ਾਂ ਤਾਂ ਲਾਂਭੇ ਰਹੀਆਂ, ਸਭ ਤੋਂ ਵੱਡੀ ਤਕਲੀਫ਼ ਇਕੱਲ ਦੀ ਹੈ। ਮੈਨੂੰ ਹੋਰ ਤਕਲੀਫ਼ ਤਾਂ ਕੋਈ ਨਹੀਂ ਹੋਈ ਜਿੰਨੀ ਕਿ ਇਕੱਲ ਦੀ। ਦਮ-ਬ-ਦਮ ਇਹੋ ਮਹਿਸੂਸ ਹੋਇਆ ਕਿ ਮੈਨੂੰ ਇਕੱਲ ਹੀ ਖਾਈ ਜਾਂਦੀ ਹੈ। ਧੰਨ ਹੈਂ ਗੁਰੂ ਦਿਆ ਸਿੱਖਾ! ਜਿਸ ਨੇ ਸਾਲਾਂ ਬੱਧੀ ਕਾਲ-ਕੋਠੜੀ ਅੰਦਰ ਇਕੱਲਿਆਂ ਗੁਜ਼ਾਰੇ। ਨਹੀਂ ਨਹੀਂ, ਮੈਂ ਫੇਰ ਭੁੱਲ ਕਰਦਾ ਹਾਂ, ਤੂੰ ਇਕੱਲਾ ਕਦੇ ਨਹੀਂ ਰਿਹਾ, ਪਰ ਗੁਜ਼ਾਰੀ ਤਾਂ ਆਪਣੇ ਆਤਮ-ਬਲ ਦੇ ਆਸਰੇ ਗੁਜ਼ਾਰੀ। ਤੈਨੂੰ ਤੇਰੇ ਗੁਰੂ ਦੀ ਜਾਗਤ ਜੋਤ ਸਦਾ ਹਾਜ਼ਰ

ਨਾਜ਼ਰ ਦਿੱਸੀ। ਤੇਰਾ ਗੁਰੂ ਤੇਰੇ ਨਾਲ ਸਦਾ ਗੱਲਾਂ ਕਰਦਾ ਰਿਹਾ ਹੋਊ ਅਤੇ ਤੂੰ ਆਪਣੇ ਗੁਰੂ ਦੀਆਂ ਹਰ ਦਮ ਦਰਸ ਝਾਕੀਆਂ, ਬਾਤਨ ਬਾਤੀਆਂ ਵਿਚ ਮਗਨ ਰਹਿੰਦਾ ਹੋਵੇਂਗਾ, ਤਾਹੀਓਂ ਤਾਂ ਘਬਰਾਹਟ ਤੇਰੇ ਨੇੜੇ ਨਹੀਂ ਆਈ, ਨਾ ਹੀ ਇਕੱਲ ਦੇ ਕੁੜੱਲ ਤੇਰੇ ਸਰੀਰ ਨੂੰ ਹੀ ਪਏ। ਮੈਨੂੰ ਤਾਂ ਇਕੱਲ ਨੇ ਹੀ ਵਢ ਵਢ ਕੇ ਖਾ ਲਿਆ। ਵਾਹ! ਧੰਨ ਸਿਖਾ ਤੂੰ, ਤੇਰਾ ਗੁਰੂ ਭੀ ਧੰਨ ਹੈ ਤੇ ਤੂੰ ਭੀ ਧੰਨ।

ਇਉਂ ਕਹਿੰਦਾ ਕਹਿੰਦਾ ਲਾਓ-ਲਸ਼ਕਰ ਨੂੰ ਨਾਲ ਲੈ ਕੇ ਚਲਾ ਗਿਆ। ਜੇਲ੍ਹ-ਗੇਟ ਤੇ ਜਾ ਕੇ ਜੇਲ੍ਹ ਦੀ ਲਾਗ-ਬੁਕ ਮੰਗਵਾਈ ਅਤੇ ਉਸ ਲਾਗ-ਬੁਕ ਉਤੇ ਦੋ ਤਿੰਨ ਸਫ਼ੇ ਭਰੇ ਤੇ ਬਹੁਤ ਕੁਛ ਲਿਖਿਆ। ਵੇਖਣ ਵਾਲੇ ਹਮਦਰਦਾਂ ਨੇ ਮੈਨੂੰ ਮੂੰਹ-ਜ਼ਬਾਨੀ ਆ ਕੇ ਦਸਿਆ ਕਿ ਜੇਲ੍ਹ-ਜ਼ੁਲਮ ਦਾ ਖ਼ਾਕਾ ਚੰਗਾ ਖਿਚਿਆ ਹੈ। ਖ਼ਾਸ ਕਰਕੇ ਮੇਰੇ ਨਾਲ ਹੋ ਰਹੇ ਜੇਲ੍ਹ-ਜ਼ੁਲਮਾਂ ਨੂੰ ਬੇਮਿਸਾਲ ਜ਼ੁਲਮ ਦਸਿਆ ਹੈ। ਅੰਤ ਵਿਚ ਮੇਰੇ ਹੱਕ ਵਿਚ ਸਿਫ਼ਾਰਸ਼ ਭੀ ਕੀਤੀ ਹੈ। ਦਾਸ ਦੇ ਇਕ ਦੋ ਹਮਦਰਦਾਂ ਨੇ ਭਰੋਸਾ ਭੀ ਦਿਵਾਇਆ ਸੀ ਕਿ ਪਾਦਰੀ ਸਾਹਿਬ ਦੀ ਉਸ ਲਿਖਤ ਦਾ ਉਤਾਰਾ ਭੀ ਗੁਪਤੋ ਗੁਪਤੀ ਮੈਨੂੰ ਉਤਾਰ ਕੇ ਲਿਆ ਦਿਤਾ ਜਾਊ, ਪਰ ਇਹ ਅਵਸਰ ਹੱਥ ਨਾ ਹੀ ਲੱਗਾ।

ਜੇਲ੍ਹ ਲਾਗ-ਬੁਕ ਵਿਚ ਆਪਣੀ ਰਾਇ ਚੜ੍ਹਾਇ ਕੇ ਪਾਦਰੀ ਹੋਰੀਂ ਸਿਧੇ ਗਵਰਨਰ ਸੀ. ਪੀ. ਨੂੰ ਜਾ ਮਿਲੇ। ਖ਼ਬਰ ਨਹੀਂ ਉਥੇ ਜ਼ਬਾਨੀ ਕੀ ਕੁਝ ਸਿਫਾਰਸ਼ ਕੀਤੀ ਹੋਊ, ਪਰ ਓਦੂੰ ਤੀਜੇ ਦਿਨ ਹੀ ਜੇਲ੍ਹ-ਕਰਮਚਾਰੀਆਂ ਨੂੰ ਹੁਕਮ ਆ ਗਿਆ ਅਤੇ ਉਨ੍ਹਾਂ ਨੇ ਚਾਲੀ ਕੈਦੀਆਂ ਦੇ ਨਿਵਾਸ ਵਾਲੀ ਖੁਲ੍ਹੀ ਹਵਾਦਾਰ ਬੈਠਕ ਸਾਰੀ, ਮੇਰੇ ਵਾਸਤੇ ਖ਼ਾਲੀ ਕਰਾ ਦਿਤੀ, ਜਿਸ ਵਿਚ ਜੇਲ੍ਹ ਦੇ ਨਲਕੇ ਲਗੇ ਹੋਏ ਸਨ, ਹਵਾ ਖੁਲ੍ਹੀ ਪੈਂਦੀ ਸੀ, ਅੰਦਰੇ ਟਹਿਲਣ ਜੋਗਾ ਥਾਉਂ ਵੀ ਕਾਫ਼ੀ ਸੀ, ਵਿਚੇ ਮੇਰੇ ਵਾਸਤੇ ਮਛਹਿਰੀ ਤਾਣੀ ਗਈ। ਮੈਨੂੰ ਤੰਗੋ ਤਾਰੀਕ ਕੋਠੀ ਵਿਚੋਂ ਕਢ ਕੇ ਉਸ ਬਾਰਕ ਵਿਚ ਲੈ ਗਏ। ਜੇਲ੍ਹ-ਕਰਮਚਾਰੀਆਂ ਨੇ ਇਹ ਭੀ ਆਖਿਆ ਕਿ ਤੇਰੇ ਨਾਲ ਦਾ ਸਾਥੀ (ਭਾਵ ਵੀਰ ਕਰਤਾਰ ਸਿੰਘ) ਭੀ

ਛੇਤੀ ਹੀ ਤੇਰੇ ਸਾਥ ਏਸੇ ਬਾਰਕ ਵਿਚ ਲੈ ਆਂਦਾ ਜਾਵੇਗਾ, ਪਰ ਉਹ ਛੇਤੀ ਵਾਲੀ ਸਾਇਤ ਆਉਣੀ ਨ ਪਾਈ ਕਿ ਮਹੀਨੇ ਦੇ ਅੰਦਰ ਅੰਦਰ ਹੀ ਪੰਜਾਬ ਗਵਰਨਮੈਂਟ ਵਲੋਂ ਮੇਰੇ ਪੰਜਾਬ ਭੇਜੇ ਜਾਣ ਦੀ ਤਾਰ ਆ ਗਈ। ਤਾਰ ਆਉਣ ਸਾਰ ਮੈਨੂੰ ਵਧਾਈਆਂ ਆਣ ਮਿਲੀਆਂ ਤੇ ਮੇਰੇ ਪੰਜਾਬ ਨੂੰ ਮੋੜੇ ਪੈਣ ਦੀਆਂ ਤਰੀਕਾਂ ਘੜੀਆਂ ਸਾਇਤਾਂ ਬੱਝ ਗਈਆਂ। ਜੇਲ੍ਹਰ ਤੇ ਸੁਪ੍ਰੰਟੈਂਡੈਂਟ ਨੇ ਆ ਕੇ ਮੈਨੂੰ ਆਖਿਆ ਕਿ ਇਹ ਚਾਲੇ ਨਹੀਂ, ਇਹ ਤਾਂ ਰਿਹਾਈਆਂ ਦੇ ਮਸਾਲੇ ਹਨ। ਬਸ, ਪੰਜਾਬ ਜਾਣ ਸਾਰ ਰਿਹਾਈਆਂ ਹੋ ਜਾਣੀਆਂ ਹਨ। ਅਸੀਂ ਤੁਹਾਨੂੰ ਇਕ ਦੋ ਸਿਪਾਹੀ ਨਾਲ ਦੇ ਕੇ ਬਗੈਰ ਹਥਕੜੀ ਬੇੜੀ ਦੇ ਪੰਜਾਬ ਨੂੰ ਤੋਰਨਾ ਹੈ।

ਮੈਂ ਉਹਨਾਂ ਪਾਸੋਂ ਇਹ ਮੰਗ ਮੰਗੀ ਕਿ ਮੇਰੇ ਵੀਰ ਪਿਆਰੇ ਸਾਥੀ ਭਾਈ ਕਰਤਾਰ ਸਿੰਘ ਨੂੰ ਹੁਣ ਤਾਂ ਮੇਰੇ ਪਾਸ ਲੈ ਆਵੋ ਤਾਕਿ ਕੁਛ ਚਿਰ ਇਕੱਠੇ ਰਹਿ ਲਈਏ। ਸੁਪ੍ਰੰਟੈਂਡੈਂਟ ਨੇ ਤਾਂ ਇਕਰਾਰ ਕਰ ਲਿਆ, ਪਰ ਜੇਲ੍ਹਰ ਨਾ ਮੰਨਿਆ, ਕਹਿਣ ਲੱਗਾ ਕਿ 'ਜੇ ਚਾਲੇ ਨਾ ਹੁੰਦੇ ਤਾਂ ਅਸੀਂ ਜ਼ਰੂਰ ਇਕੱਠੇ ਕਰ ਦਿੰਦੇ। ਉਸ ਨੂੰ ਪਾਲਾ ਮਾਰੇ ਕਿ ਕਿਤੇ ਭਾਈ ਕਰਤਾਰ ਸਿੰਘ ਉਤੇ ਕੀਤੇ ਗੁਪਤ ਜ਼ੁਲਮਾਂ ਦੀ ਵਿਥਿਆ ਬਾਹਰ ਨਾ ਲੈ ਜਾਵੇ; ਪਰ ਸੁਪ੍ਰੰਟੈਂਡੈਂਟ ਨੇ ਇਤਨੀ ਇਜਾਜ਼ਤ ਫੇਰ ਭੀ ਦੇ ਦਿਤੀ ਕਿ ਚਾਲਾਨ ਹੋਣ ਤੋਂ ਇਕ ਦੋ ਦਿਨ ਪਹਿਲਾਂ ਇਕ ਦਿਨ ਭਰ ਇਹ ਦੋਈ ਇਕੱਠੇ ਬਾਰਕ ਵਿਚ ਜ਼ਰੂਰ ਰਖੇ ਜਾਣ। ਸੋ ਇਕ ਦਿਨ ਵਾਸਤੇ ਸਾਨੂੰ ਇਕੱਠਿਆਂ ਕਰ ਹੀ ਦਿੱਤਾ। ਦੋ ਤਿੰਨ ਸਾਲਾਂ ਪਿਛੋਂ ਵਿਛੜੇ ਹੋਏ ਮਸਾਂ ਹੀ ਮਿਲੇ, ਆਪੋ ਆਪਣੀਆਂ ਸਿਰੀਂ ਬੀਤੀਆਂ ਕਹੀਆਂ, ਸੁਣੀਆਂ, ਦਰਦ ਦਿਲਾਂ ਦੇ ਫੋਲਣੇ ਫੋਲੇ, ਘੁਟ ਘੁਟ ਪਿਆਰ ਕੀਤੇ, ਦਿਲਾਂ ਦੀਆਂ ਰਾਜ਼-ਦਿਲਾਂ ਦੇ ਫੋਲਣੇ ਫੋਲੇ, ਘੁਟ ਘੁਟ ਪਿਆਰ ਕੀਤੇ, ਦਿਲਾਂ ਦੀਆਂ ਰਾਜ-ਮਹਿਰਮੀ ਘੁੰਡੀਆਂ ਖੋਲ੍ਹੀਆਂ। ਉਹ ਦਿਨ-ਬਸੇਰਾ ਕਰ ਕੇ ਰੈਣ ਸਮੇਂ ਫੇਰ ਜੁਦਾ ਹੋ ਗਏ। ਇਕੋ ਦਿਵਸ ਦੇ ਮੇਲ ਦਾ ਚਮਤਕਾਰ ਸਾਡੇ ਵਿਜੋਗਾਂ ਦੇ ਭਾਰ ਲਾਹ ਗਿਆ। ਇਉਂ ਅਤੇ ਇਤ ਬਿਧ ਬੜ ਗਏ ਤਿਆਰੇ ਨਾਗਪੁਰ ਜੇਲ੍ਹ ਤੋਂ ਵਿਦਾ ਹੋਣ ਦੇ।

ਜ਼ਬਤ ਕੀਤੀਆਂ ਸਭ ਪੁਸਤਕਾਂ ਤੇ ਲਿਖਤੀ ਖਰੜੇ ਭੀ ਵਾਪਸ ਕਰ

ਦਿਤੇ। ਜੇਲ੍ਹ ਵਿਚ ਬੰਦ ਹੋਣ ਦੀ ਤ੍ਰੀਕ ਸਮੇਂ ਦੀਆਂ ਜਾਮਾ-ਤਲਾਸ਼ੀ ਦੀਆਂ ਸਭ ਚੀਜ਼ਾਂ ਸ਼ਸਤਰ, ਬਸਤਰ, ਚੱਕਰ, ਮਾਲਾ, ਕੜੇ, ਕ੍ਰਿਪਾਨ ਆਦਿਕ ਸਭ ਵਾਪਸ ਕਰ ਦਿਤੀਆਂ। ਇਕ ਗਾਤਰੇ ਦੀ ਅਣਮੁਲੀ ਕ੍ਰਿਪਾਨ ਨਾ ਮਿਲੀ, ਖ਼ਬਰੇ ਕਿਥੇ ਗੁੰਮ ਹੋ ਗਈ। ਜ਼ਿਮੇਵਾਰ ਜੇਲ੍ਹ-ਕਲਰਕ ਨੇ ਬਥੇਰੀ ਟੋਲੀ, ਪਰ ਉਸ ਦਾ ਪਤਾ ਹੀ ਨਾ ਲੱਗਾ। ਓੜਕ ਜੇਲ੍ਹਰ ਨੇ ਨਿਮੋਝੂਣਾ ਹੋ ਕੇ ਆਖਿਆ ਕਿ ਕ੍ਰਿਪਾਨ ਦੀ ਕੀਮਤ ਦੱਸੋ ਕੀ ਹੈ? ਸੋ ਨਗਦ ਤਾਰ ਦਿਤੀ ਜਾਵੇ। ਮੈਂ ਆਖਿਆ, ਇਸ ਦੀ ਕੀਮਤ ਆਪ ਤੋਂ ਅਦਾ ਨਹੀਂ ਕੀਤੀ ਜਾ ਸਕਦੀ। ਕ੍ਰਿਪਾਨ ਦੀ ਕੋਈ ਕੀਮਤ ਪਾ ਹੀ ਨਹੀਂ ਸਕਦਾ, ਨਾ ਹੀ ਇਸ ਦੀ ਕੋਈ ਕੀਮਤ ਹੈ ਅਤੇ ਨਾ ਹੀ ਤੁਸੀਂ ਤਾਰਨ ਦੀ ਸਮਰੱਥਾ ਰਖਦੇ ਹੋ। ਉਹ ਤਾਂ ਜੋ ਕੀਮਤ ਮੈਂ ਦਸਦਾ, ਤਾਰਨ ਨੂੰ ਤਿਆਰ ਹੀ ਸਨ, ਪਰ ਅਸੀਂ ਤਾਰ ਤਰਾਈ ਤੋਂ ਕੀ ਖੱਟਣਾ ਕਮਾਉਣਾ ਸੀ।

# 'ਸੂਰਾ' ਮਾਸਕ ਪੱਤਰ

ਇਸ ਪਰਚੇ ਦਾ ਮੁਖ ਮੰਤਵ ਹੈ—

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸ਼ਾਂ ਬਦੇਸ਼ਾਂ ਵਿਚ ਪਰਚਾਰ ਕਰਨਾ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਣਾਉਣਾ।

੩. ਸਿੱਖ ਧਰਮ, ਗੁਰਬਾਣੀ ਤੇ ਗੁਰਮਤਿ ਰਹਿਤ ਰਹਿਣੀ ਨਾਲ ਪਿਆਰ ਉਪਜਾਉਣ ਲਈ ਜਤਨ।

੪. ਨੌਜਵਾਨਾਂ ਨੂੰ ਕੁਸੰਗਤ ਤੋਂ ਬਚਣ ਅਤੇ ਸ਼ੁਭ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ।

੫. ਭੈੜੀਆਂ ਵਾਦੀਆਂ ਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ।

੬. ਕੇਸ ਦਾੜ੍ਹੀ ਨੂੰ ਸੁਰਜੀਤ ਰਖਣ ਲਈ ਪ੍ਰਭਾਵ-ਸ਼ਾਲੀ ਵਿਚਾਰਾਂ ਦਾ ਪਰਚਾਰ।

੭. ਸਾਦਾ ਜੀਵਨ ਤੇ ਸਾਦਾ ਲਿਬਾਸ ਰਖਣ ਲਈ ਪ੍ਰੇਰਨਾ।

੮. ਸੇਵਾ ਤੇ ਸਿਮਰਨ ਅਪਣਾਉਣ ਲਈ ਪ੍ਰੇਰਨਾ।

੯. ਦੰਭੀਆਂ ਪਖੰਡੀਆਂ ਤੇ ਪਰਪੰਚੀਆਂ ਦੇ ਪਾਜ ਨੂੰ ਉਘੇੜਨਾ।

ਸਾਲਾਨਾ ਚੰਦਾ ਦੇਸ 10/- ਪਰਦੇਸ 18/50

ਹਵਾਈ ਡਾਕ : ਅਰਬ ਮਲਾਇਆ 35/- ਯੂ.ਕੇ. ਅਫਰੀਕਾ 50/-
ਕੈਨੇਡਾ ਅਮਰੀਕਾ 55/-

## ਅਮਾਨਤੀ ਲਾਈਫ਼ ਮੈਂਬਰ

ਇਕੋ ਵਾਰ ਸੌ ਰੁਪਏ ਦੇਣ ਨਾਲ ਸਾਰੀ ਉਮਰ ਪਰਚਾ ਮਿਲਦਾ ਰਹੇਗਾ। ਇਹ ਰਕਮ ਬੈਂਕ ਵਿਚ ਤੁਹਡੇ ਨਾਂ ਜਮ੍ਹਾਂ ਹੋਵੇਗੀ। ਸਾਲਾਨਾ ਸੂਦ "ਸੂਰਾ" ਪੱਤਰ ਨੂੰ ਮਿਲਦਾ ਰਹੇਗਾ ਤੇ ਰਕਮ ਤੁਹਾਡੀ ਰਹੇਗੀ।

ਲਾਈਫ਼ ਮੈਂਬਰ ਦੇਸ 100/- ਪਰਦੇਸ ਸੀ ਮੇਲ ਸਭ ਥਾਈਂ 250/-

ਹਵਾਈ ਡਾਕ— ਯੂ. ਕੇ. ਅਫਰੀਕਾ 650/-

ਅਮਰੀਕਾ ਕੈਨੇਡਾ 750/- ਮਲਾਇਆ ਅਰਬ 500/-

ਚਿੱਠੀ ਪੱਤਰ ਤੇ ਰਕਮ ਭੇਜਣ ਲਈ :

**'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਰੰਗਲੇ ਸਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵੀਚਾਰ
8. ਸੱਚਖੰਡ ਦਰਸ਼ਨ
9. ਗੁਰਮਤਿ ਗੌਰਵਤਾ
10. ਸੰਤ ਪਦ ਨਿਰਣੈ
11. ਕਥਾ ਕੀਰਤਨ
12. ਨਾਮ ਤੇ ਸਿਮਰਨ ਦਾ ਦਾਤਾ ਸਤਿਗੁਰੂ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?
14. ਗੁਰਮਤਿ ਨਾਮ ਅਭਿਆਸ ਕਮਾਈ
15. ਗੁਰਮਤਿ ਸਚ ਨਿਰਣੈ
16. ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ
17. ਅਨਹਦ ਸ਼ਬਦ ਦਸਮ ਦੁਆਰਾ
18. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
19. ਚਰਨ ਕਮਲ ਕੀ ਮਉਜ
20. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ
21. ਜੋਤਿ ਵਿਗਾਸ (ਮਹਾਂ ਕਾਵਿ)
22. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)

## ਛੋਟੇ ਟਰੈਕਟ—

23. ਅੰਮ੍ਰਿਤ ਕੀ ਹੈ ?
24. ਅੰਮ੍ਰਿਤ ਕਲਾ
25. ਗੁਰਮਤਿ ਰਮਜ਼ਾਂ
26. ਸਿਖ ਕੌਣ ਹੈ
27. ਸੱਚੀਆਂ ਦਾੜ੍ਹੀਆਂ
28. ਵਾਹਿਗੁਰੂ ਸਿਮਰਨ
29. ਸੁਪਨਾ
30. ਆਸਤਕ ਨਾਸਤਕ
31. ਸ਼ੰਕਿਆਂ ਦੇ ਉਤਰ
32. ਨਾਮ ਸਬੰਧੀ ਵਿਚਾਰ
33. ਤਿਮਰ ਅਗਿਆਨ ਤੋਂ ਉਜਿਆਰਾ
34. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
35. ਸਿੰਘਾਂ ਦਾ ਪੰਥ ਨਿਰਾਲਾ
36 ਬਾਬਾ ਵੈਦ ਰੋਗੀਆਂ ਦਾ
37. ਕੋ ਵਿਰਲਾ ਗੁਰਮਤਿ ਚਲੈ ਜੀਉ
38 ਹਉਮੈ ਨਾਵੈ ਨਾਲਿ ਵਿਰੋਧੁ ਹੈ
39. ਨਾਮ ਦਾ ਦਾਤਾ ਸਤਿਗੁਰੂ
40. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
41. ਸਿਖੀ ਸਿਦਕ ਤੇ ਧਰਮ ਰਖਿਆ
42. ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ